پیر حسام الدین امیرا کدل کشمیر (۵۳)

دی کشمیر ناول ایجنسی

نام جیندر کا تا سنہا مصنف

نمبر کتاب 137 قیمت -/1/4

پروپرائٹر

پیر حسام الدین جنرل مرچنٹ امیرا کدل کشمیر

CC-0. Kashmir Treasures Collection Srinagar.

Digitized by Google

18
1372
1372

ੴ ਸਤਿਗੁਰਪ੍ਰਸਾਦਿ ॥

ਪੁਸਤਕ ਨੰ: ੨੨

ਗੁਰਬਿਲਾਸ

ਸੰਤਤਿ ਭਾਗ ੧੮ ਅਠਾਰਾਂ

ਪ੍ਰਕਾਸ਼ਕ !
ਭਾਈ ਸੁੰਦਰ ਸਿੰਘ ਹਕੀਮ ਚੌਂਕ ਬਾਬਾ ਅਟੱਲ, ਅੰਮ੍ਰਿਤਸਰ

(ਕੇਵਲ ਟਾਈਟਲ)

ਚਤਰ ਸਿੰਘ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਛਪਿਆ ॥

CC-0. Kashmir Research Institute. Digitized by eGangotri

Digitized by eGangotri

ੴ ਸਤਿਗੁਰਪ੍ਰਸਾਦਿ ॥

ਚੰਦ੍ਰਕਾਂਤਾ ਸੰਤਤਿ

ਅਠਾਰ੍ਹਵਾਂ ਭਾਗ

ਪਹਿਲਾ ਕਾਂਡ

—o—

ਤਾਰਾ ਸਿੰਘ ਦੇ ਹਥ ਵਿਚ ਨਾਨਕ ਦਾ ਮੁਕੱਦਮਾ ਦਿਤਾ ਗਿਆ ਰਾਜਾ ਬੀਰੇਂਦ੍ਰ ਸਿੰਘ ਨੇ ਤਾਰਾ ਸਿੰਘ ਨੂੰ ਕਿਹਾ ਕਿ ਉਸਦੇ ਘਰ ਜਾਕੇ ਉਸਦੇ ਚਾਲ ਚਲਣ ਦਾ ਸੱਚਾ ਹਾਲ ਮਲੂਮ ਕਰ ਆਵੇ ਇਸਦੇ ਪਹਿਲੇ ਕਿ ਤਾਰਾ ਸਿੰਘ ਨਾਨਕ ਦੇ ਚਾਲ ਚਲਨ ਦਾ ਹਾਲ ਮਲੂਮ ਕਰੇ ਉਸਨੇ ਪਹਿਲਾਂ ਨਾਨਕ ਦੇ ਘਰ ਦਾ ਹਾਲ ਮਲੂਮ ਕਰਨਾ ਅਰੰਭ ਕਰ ਦਿਤਾ ਅਤੇ ਉਸਦੀ ਇਸਤ੍ਰੀ ਦੇ ਭੇਤ ਮਲੂਮ ਕਰਨ ਦਾ ਯਤਨ ਕਰਨ ਲਗਾ। ਜਦ ਨਾਨਕ ਦੀ ਇਸਤ੍ਰੀ ਸੁਖੈਨ ਹੀ ਤਾਰਾ ਸਿੰਘ ਦੇ ਪਾਸ ਆਗਈ ਤਾਂ ਉਸਨੂੰ ਉਸਦੀ ਬਦਚਲਨੀ ਦਾ ਨਿਸ਼ਾਨ ਮਾਲੂਮ ਹੋਗਿਆ ਤੇ ਉਸਨੇ ਚਾਹਿਆ ਕਿ ਕਿਸੇ ਬਹਾਨੇ ਨਾਨਕ ਦੀ ਵਹੁਟੀ ਨੂੰ ਟਾਲ ਦੇਵਾਂ ਤੇ ਫੇਰ ਨਾਨਕ ਦੀ ਨੀਯਤ ਦਾ ਪਤਾ-ਲਵਾ ਪਰ ਉਸਦੀ ਕਾਰਰਵਾਈ ਵਿਚ ਉਸੇ ਵੇਲੇ ਵਿਘਨ ਪੈਗਿਆ, ਜਦ ਨਾਨਕ ਦੀ ਵਹੁਟੀ ਤਾਰਾ ਸਿੰਘ ਦੇ ਸਾਹਮਣੇ ਜਾ ਬੈਠੀ ਤੇ ਉਸੇ

CC-0. Kashmir Research Institute. Digitized by eGangotri

ਬਾਹਰੋਂ ਕਿਸੇ ਦੇ ਔਣ ਦੀ ਅਵਾਜ਼ ਆਈ।

ਅਸੀਂ ਲਿਖ ਚੁਕੇ ਹਾਂ ਕਿ ਨਾਨਕ ਦੇ ਘਰ ਇਕ ਮਜ਼ੂਰਨੀ ਸੀ ਓਹ ਨਾਨਕ ਦੇ ਕੰਮ ਦੀ ਭਾਵੇਂ ਨ ਹੋਵੇ ਪਰ ਨਾਨਕ ਦੀ ਟੀ ਲਈ ਚੰਗੀ ਸੀ ਤੇ ਉਸਦੀ ਰਾਹੀਂ ਨਾਨਕ ਦੀ ਵਹੁਟੀ ਦਾ ਬਣਦਾ ਸੀ ਪਰ ਇਸ ਤਾਰਾ ਸਿੰਘ ਵਾਲੇ ਮਾਮਲੇ ਵਿਚ ਮਾ ਦੀ ਗਲ ਬਾਤ ਹਨੂੰਮਾਨ ਦੀ ਰਾਹੀਂ ਹੋਈ ਸੀ ਇਸ ਤੇ ਵਿਚ ਵਿਚੋਲੀ ਦੀ ਰਕਮ ਵਿਚੋਂ ਮਜ਼ੂਰਨੀ ਨੂੰ ਇਕ ਕੌਡੀ ਨਹੀਂ ਲਭੀ ਸੀ ਸੋ ਉਸਨੂੰ ਬੜਾ ਕ੍ਰੋਧ ਹੋਇਆ ਤੇ ਓਹ ਤਾਦੀ ਥਾਂ ਵੇਰ ਕਰਨ ਲਈ ਤਿਆਰ ਹੋਗਈ, ਸ਼ਜਾਮ ਰਾਣੀ ਇਸ ਮਜ਼ੂਰਨੀ ਤੋਂ ਕੋਈ ਪਰਦਾ ਤਾਂ ਹੈਗਾ ਹੀ ਨਹੀਂ ਸੀ ਇਸ ਤੇ ਓਸਨੂੰ ਸਾਰੀ ਗਲ ਤਾਂ ਸੁਣਾ ਦਿਤੀ ਪਰ ਉਸਦੇ ਹਾਲ ਤੇ ਕਝ ਵਿਚਾਰ ਨਾ ਕੀਤੀ ਇਸ ਵਾਸਤੇ ਮਜ਼ੂਰਨੀ ਚੁਪ ਸਭ ਕਛ ਦੇਖਦੀ ਤੇ ਸੁਣਦੀ ਰਹੀ ਤੇ ਜਦ ਸ਼ਜਾਮਾ ਤਾਰਾ ਦੇ ਘਰ ਚਲੀ ਗਈ ਤਾਂ ਜਦ ਨਾਨਕ ਘਰ ਆਇਆ ਤਾਂ ਨੇ ਆਪਣਾ ਨਾਉਂ ਨਾ ਦੱਸਣ ਦਾ ਇਕਰਾਰ ਕਰਾਕੇ ਨਾਨਕ ਨੂੰ ਭੇਤ ਦਸ ਦਿਤਾ ਤੇ ਨਾਲ ਜਾਕੇ ਤਾਰਾ ਸਿੰਘ ਦਾ ਮਕਾਨ ਵਿਖ ਦਿਤਾ ਕਿਉਂਕਿ ਉਸਨੂੰ ਸਭ ਪਤਾ ਸੀ!

ਨਾਨਕ ਨੇ ਜਦ ਇਹ ਸੁਣਿਆਂ ਕਿ ਉਸਦੀ ਇਸਤ੍ਰੀ ਪਦਸੀ ਦੇ ਘਰ ਗਈ ਹੈ ਤਾਂ ਓਸਨੂੰ ਬੜਾ ਕ੍ਰੋਧ ਆਇਆ ਤੇ ਦਯਾਰੀ ਦੇ ਸਾਮਾਨ ਨਾਲ ਲੈਕੇ ਇਕਲਾ ਹੀ ਸ਼ਜਾਮਾਂ ਪਛੇ ਤੁਰ ਪਿਆ।

ਭਾਵੇਂ ਨਾਨਕ ਨੇ ਕਿਸੇ ਕਾਰਨ ਕਰਕੇ ਲੋਕ ਲਜਿਆ

CC-0. Kashmir Research Institute. Digitized by eGangotri

ਨੂੰ ਚੁਲੀ ਪਾ ਦਿਤੀ ਸੀ ਪਰ ਏਜਾਰੀ ਨੂੰ ਨਹੀਂ ਛਡਿਆ
ਉਸਨੂੰ ਆਪਣੀ ਏਜਾਰੀ ਤੇ ਬੜਾ ਭਰੋਸਾ ਸੀ ਤੇ ਓਹ ਪੰਜ ਚ
ਆਦਮੀਆਂ ਵਿਚ ਵੜਕੇ ਲੜਨ ਦੀ ਹਿੰਮਤ ਭੀ ਰਖਦਾ
ਏਹੋ ਕਾਰਨ ਸੀ ਕਿ ਓਸਨੇ ਆਪਣੇ ਕਿਸੇ ਗੱਲ ਦੀ ਪਰਵਾਹ
ਪ੍ਰਵਾਹ ਨਾ ਕਰਕੇ ਕਲਾ ਹੀ ਸ਼ਜਾਮਾਰਾਣੀ ਦੇ ਪਿਛੇ ਤੁਰ ਪਿ
ਹਾਂ ਜੇ ਓਸਨੂੰ ਇਹ ਪਤਾ ਹੁੰਦਾ ਕਿ ਸ਼ਾਜਮਾਰਾਣੀ ਇਸ ਵੇ
ਤਾਰਾ ਸਿੰਘ ਦੇ ਪਾਸ ਗਈ ਹੈ ਤਾਂ ਓਹ ਕਦੇ ਇਕਲਾ ਨਾ ਜਾਂਦ

ਨਾਨਕ ਇਸਤ੍ਰੀ ਦੇ ਭੇਸ ਵਿਚ ਘਰੋਂ ਨਿਕਲਿਆ
ਜਦ ਤਾਰਾ ਸਿੰਘ ਦੇ ਮਕਾਨ ਕੋਲ ਪਹੁੰਚਾ ਤਾਂ ਕਮੰਦ ਲਾ
ਓਸ ਮਕਾਨ ਦੇ ਉਪਰ ਚੜ ਗਿਆ ਤੇ ਹੌਲੀ ੨ ਉਸ ਕੋਠੜ
ਪਾਸ ਜਾ ਪਹੁੰਚਾ ਜਿਸਦੇ ਅੰਦਰ ਤਾਰਾ ਸਿੰਘ ਤੇ ਸ਼ਜਾਮਾ ਸਨ
ਬਾਹਰ ਹਨੂੰਮਾਨ ਤੇ ਤਾਰਾ ਸਿੰਘ ਦਾ ਚੇਲਾ ਪਹਿਰਾ ਦੇ ਰਹੇ ਸਨ
ਓਥੇ ਪਹੁੰਚਦਿਆਂ ਹੀ ਓਸਨੇ ਆਪਣੇ ਨੌਕਰ ਹਨੂੰਮਾਨ ਦੇ ਲਕ
ਵਿਚ ਜੋਰ ਦੀ ਲੱਤ ਮਾਰੀ ਜਿਸ ਨਾਲ ਓਹ ਮੂੰਹਦੇ ਭਾਰ ਜਾ ਪਿਆ
ਤੇ ਰੋਣ ਲਗ ਪਿਆ ਜਿਸਨੂੰ ਛੇੜਨ ਲਈ ਨਾਨਕ ਆਪ ਭੀ
ਇਸਤ੍ਰੀਆਂ ਵਾਂਗ ਰੋਣ ਲਗ ਪਿਆ।

ਏਹੋ ਰੋਣ ਦੀ ਅਵਾਜ਼ ਸੀ ਜਿਸਨੂੰ ਅੰਦਰ ਬੈਠੇ ਤਾਰਾ ਸਿੰਘ
ਤੇ ਸ਼ਜਾਮਾ ਨੇ ਸੁਣਿਆ ਸੀ, ਰੋਣ ਦੀ ਅਵਾਜ਼ ਸੁਣਦਿਆਂ ਹੀ
ਤਾਰਾ ਸਿੰਘ ਉਠ ਖਲੋਤਾ ਤੇ ਹਥ ਵਿਚ ਖੰਜਰ ਲੈਕੇ ਬਾਹਰ
ਨਿਕਲ ਆਇਆ ਓਥੇ ਆਪਣੇ ਚੇਲੇ ਤੇ ਹਨੂੰਮਾਨ ਦੇ ਬਿਨਾਂ ਇਕ
ਹੋਰ ਇਸਤ੍ਰੀ ਨੂੰ ਦੇਖਕੇ ਹੈਰਾਨ ਹੋਗਿਆ ਤੇ ਓਸਨੇ ਨਾਨਕ ਨੂੰ
ਪੁਛਿਆ:—ਤੂੰ ਕੌਣ ਹੈਂ ?

CC-0. Kashmir Research Institute. Digitized by eGangotri

ਨਾਨਕ—ਪਹਿਲਾਂ ਤੂੰ ਦਸ ਕਿ ਤੂੰ ਕੌਣ ਹੈਂ, ਜਿਸ ਕਰਕੇ ਤੈਨੂੰ ਮਾਰਨ ਦੇ ਪਿਛੋਂ ਮਲੂਮ ਤਾਂ ਰਹੇ ਕਿ ਮੈਂ ਫਲਾਣੇ ਨੂੰ ਮਾਰਿਆ ਸੀ ?

ਤਾਰਾ—ਤੇਰੇ ਢੀਠਪੁਣੇ ਤੇ ਹੈਰਾਨੀ ਹੀ ਨਹੀਂ ਸਗੋਂ ਇਹ ਮਲੂਮ ਹੁੰਦਾ ਹੈ ਕਿ ਤੂੰ ਇਸਤ੍ਰੀ ਨਹੀਂ ਸਗੋਂ ਕੋਈ ਏਯਾਰ ਹੈਂ।

ਨਾਨਕ—(ਧੀਰਜ ਨਾਲ) ਹਾਂ ਮੈਂ ਏਯਾਰ ਹਾਂ ਤਦੇ ਤਾਂ ਇਕਲਾ ਤੇਰੇ ਘਰ ਆ ਵੜਿਆ ਹਾਂ, ਸ਼ੈਤਾਨ ! ਤੂੰ ਨਹੀਂ ਜਾਣਦਾ ਕਿ ਬੁਰੇ ਕਰਮਾਂ ਦਾ ਫਲ ਕਿਸਤਰਾਂ ਮਿਲਦਾ ਹੁੰਦਾ ਹੈ ਅਰ ਓਹ ਕਿਤਨਾ ਵਡਾ ਏਯਾਰ ਹੈ ਜਿਸਦੀ ਇਸਤਰੀ ਨੂੰ ਤੂੰ ਧੋਖਾ ਦੇਕੇ ਸਦ ਲਿਆ ਹੈ ।

ਤਾਰਾ—(ਜ਼ੋਰ ਨਾਲ ਹੱਸਕੇ)ਆਹਾ ਹਾ, ਹੁਣ ਮੈਨੂੰ ਨਿਸਚਾ ਹੋਗਿਆ ਕਿ ਬੇਸ਼ਰਮ ਨਾਨਕ ਤੂੰ ਹੀ ਹੈਂ ਤੇ ਹੁਣ ਆਪਣੀ ਪਤੀਬ੍ਰਤਾ ਦੀ ਕਮਾਈ ਗਿਨਾਉਣ ਲਈ ਆ ਪਹੁੰਚਾ ਹੈਂ,ਚਛਾ ਤਾਂ ਹੁਣ ਤੈਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਿਸਦਾ ਟਾਕਰਾ ਕਰਨ ਲਈ ਤੂੰ ਆਯਾ ਹੈਂ ਉਸਦਾ ਨਾਉਂ ਤਾਰਾ ਸਿੰਘ ਹੈ ਤੇ ਰਾਜਾ ਬੀਰੇਂਦਰ ਸਿੰਘ ਦੀ ਆਗਜਾਨੁਸਾਰ ਤੇਰੇ ਚਾਲਚਲਣ ਦੀ ਖੋਜ ਕਰਨ ਆਯਾ ਹੈ।

ਤਾਰਾ ਸਿੰਘ ਤੇ ਰਾਜਾ ਬੀਰੇਂਦਰ ਸਿੰਘ ਦਾ ਨਾਉਂ ਸੁਣਦਿਆਂ ਹੀ ਨਾਨਕ ਸੁੰਨ ਹੋਗਿਆ ਤੇ ਉਸਦੀ ਇਸਤ੍ਰੀ ਨੇ ਭੀ ਜਦ ਇਹ ਸਮਝਿਆ ਕਿ ਬਾਹਰ ਮੇਰਾ ਪਤੀ ਖੜਾ ਹੈ ਤਦ ਓਹ ਨਖਰੇ ਨਾਲ ਰੋਂਦੀ ਪਿੱਟਦੀ ਬਾਹਰ ਨਿਕਲ ਆਈ ਤੇ ਨਾਨਕ ਦੇ ਪੈਰਾਂ ਤੇ ਡਿਗ ਕੇ ਬੋਲੀ ਮੈਨੂੰ ਤਾਂ ਤੁਹਾਡਾ ਨਾਉਂ ਲੈਕੇ

CC-0. Kashmir Research Institute. Digitized by eGangotri

ਹਨੂੰਮਾਨ ਏਥੇ ਸੱਦ ਲਿਆਇਆ ਹੈ।

ਨਾਨਕ ਕੁਝ ਚਿਰ ਤਾਂ ਚੁਪ ਰਿਹਾ ਫੇਰ ਤਾਰਾ ਸਿੰਘ ਵਲ ਦੇਖਕੇ ਬੋਲਿਆ ਕੀ ਏਯਾਰਾਂ ਦਾ ਏਹੋ ਧਰਮ ਹੈ ਕਿ ਦੂਸਰਿਆਂ ਦੀਆਂ ਇਸਤ੍ਰੀਆਂ ਨੂੰ ਖਰਾਬ ਕਰਨਾ ਤੇ ਕਲੰਕ ਦਾ ਟਿਕਾ ਆਪਣੇ ਮਥੇ ਲੁਵਾਉਣਾ ?

ਤਾਰਾ-ਨਹੀਂ ਏਯਾਰਾਂ ਦਾ ਇਹ ਕੰਮ ਨਹੀਂ ਹੈ ਤੇ ਇਹ ਭੀ ਏਯਾਰਾਂ ਨੂੰ ਉਚਿਤ ਨਹੀਂ ਹੈ ਕਿ ਸਭ ਪਾਸੇ ਦਾ ਧਿਆਨ ਛਡਕੇ ਕੇਵਲ ਵਹੁਟੀ ਦੀ ਕਮਾਈ ਤੇ ਗੁਜਾਰਾ ਕਰਨ। ਮੈਂ ਤੇਰੀ ਵਹੁਟੀ ਨੂੰ ਕਿਸੇ ਹੋਰੇ ਕੰਮ ਵਾਸਤੇ ਨਹੀਂ ਸਦਿਆ ਸਗੋਂ ਚਾਲ ਚਲਣ ਦਾ ਹਾਲ ਮਲੂਮ ਕਰਨ ਲਈ ਸਦਿਆ ਹੈ, ਜੋ ਕੁਛ ਗਲਾਂ ਤੇਰੇ ਵਲੋਂ ਸੁਣੀਆਂ ਗਈਆਂ ਸਨ ਤੇ ਜੋ ਕੁਛ ਏਥੇ ਆਕੇ ਮਲੂਮ ਹੋਇਆ ਹੈ ਉਸਤੋਂ ਜਾਪਦਾ ਹੈ ਕਿ ਤੂੰ ਬੜਾ ਹੀ ਕਮੀਨਾ ਹੈਂ ਤੇ ਲੂਣ ਹਰਾਮੀ ਹੈਂ, ਮਾਲਕ ਦੇ ਕੰਮ ਦੀ ਤੈਨੂੰ ਕੁਛ ਭੀ ਚਿੰਤਾਨਹੀਂ ਹੈ ਇਸਦਾ ਪ੍ਰਤੱਖ ਪ੍ਰਮਾਨ ਮਨੋਰਮਾ ਹੀ ਬਹੁਤ ਹੈ ਜਿਸਦੇ ਨਾਲ ਤੂੰ ਵਿਆਹ ਕਰਨਾ ਚਾਹੁੰਦਾ ਸੀ ਤੇ ਜਿਸਨੇ ਤੇਰੀ ਪੂਜਾ ਜੁਤੀਆਂ ਨਾਲ ਕੀਤੀ ਸੀ ਸਗੋਂ ਤਲਿਸਮੀ ਖੰਜਰ ਭੀ ਲੈ ਲਿਆ ਸੀ।

ਨਾਨਕ- ਇਹ ਕੋਈ ਜ਼ਰੂਰੀ ਗੱਲ ਨਹੀਂ ਹੈ ਕਿ ਏਯਾਰਾਂ ਦਾ ਕੰਮ ਸਦਾ ਪੂਰਾ ਹੀ ਹੋਵੇ ਤੇ ਓਹ ਕਦੇ ਧੋਖਾ ਨਾ ਖਾਣ ਜੇ ਮਨੋਰਮਾ ਦੀ ਏਯਾਰੀ ਮੇਰੇ ਤੇ ਚਲ ਗਈ ਹੈ ਤਾਂ ਮੈਂ ਇਸਦੇ ਬਦਲੇ ਵਿਚ ਕਮੀਨਾ ਤੇ ਲੂਣ ਹਰਾਮੀ ਕਹਾਉਣ ਦੇ ਯੋਗ ਨਹੀਂ ਹਾਂ, ਕੀ ਕਦੇ ਤੂੰ ਤੇ ਤੇਰੇ ਪਿਓ ਨੇ ਧੋਖਾ ਨਹੀਂ ਖਾਧਾ ? ਤੇ ਮੇਰੀ ਇਸਤ੍ਰੀ ਨੂੰ ਜੋ ਤੂੰ ਬਦਨਾਮ ਕਰਦਾ ਹੈਂ ਇਹ ਭੀ ਤੇਰੀ

CC-0. Kashmir Research Institute. Digitized by eGangotri

ਭੁਲ ਹੈ ਓਹ ਆਪ ਕਹਿ ਰਹੀ ਹੈ ਕਿ ਮੈਨੂੰ ਤਾਂ ਤੁਹਾਡਾ
ਲੈਕੇ ਹਨੂਮਾਨ ਏਥੇ ਸਦ ਲਿਆਯਾ ਹੈ, ਮੇਰੀ ਇਸਤ੍ਰੀ ਵਿਭਚ
ਨਹੀਂ ਸਗੋਂ ਸਤਿਵੰਤੀ ਹੈ ।

ਅਸਲ ਵਿਚ ਬਦਮਾਸ਼ ਤੂੰ ਹੈਂ ਜੋ ਤੂੰ ਇਸਤਰਾਂ ਧੋਖਾ
ਪਰਾਈ ਇਸਤ੍ਰੀ ਨੂੰ ਆਪਣੇ ਘਰ ਸਦਿਆ ਹੈ ਤੇ ਮੈਨੂੰ ਇ
ਸਮਝਕੇ ਗਾਲਾਂ ਕਢਦਾ ਹੈ ਨਹੀਂ ਤਾਂ ਮੈਂ ਤੈਥੋਂ ਕਿਸ
ਘਟ ਨਹੀਂ ਹਾਂ ।

ਤਾਰਾ—ਨਹੀਂ ਨਹੀਂ ਤੂੰ ਮੈਥੋਂ ਬਹੁਤ ਵਡਾ ਹੈ, ਮੈਂ
ਕਲਾ ਸਮਝਕੇ ਗਾਲਾਂ ਨਹੀਂ ਕਢਦਾ, ਜੇ ਤੂੰ ਲੜਨਾ ਚਾਹੇ
ਮੈਂ ਤੇਰੇ ਨਾਲ ਇਕਲਾ ਹੀ ਲੜਾਂਗਾ, ਤੂੰ ਆਪਣੀ ਇਸਤ੍ਰੀ
ਪਤਿਬ੍ਰਤਾ ਸਤਿਵੰਤੀ ਛਡਕੇ ਭਾਵੇਂ ਮਾਂ ਤੋਂ ਵਧੀਕ ਸਮਝ
ਇਸ ਵਿਚ ਕੋਈ ਹਾਨੀ ਨਹੀਂ । ਮੈਂ ਜਿਸ ਕੰਮ ਲਈ ਆਇ
ਸਾਂ ਓਹ ਕਰ ਚੁਕਾ ਹਾਂ ਹੁਣ ਜਾਕੇ ਮਾਲਕ ਨੂੰ ਸਾਰਾ ਹ
ਦਸਾਂਗਾ ਤੇ ਤੇਰੇ ਗੰਭੀਰ ਸੁਭਾਵ ਦੀ ਉਪਮਾ ਕਰਾਂਗਾ ਜਿ
ਸੁਣਕੇ ਤੇਰਾ ਪਿਓ ਬਹੁਤ ਹੀ ਪ੍ਰਸੰਨ ਹੋਵੇਗਾ ਜੋ ਆਪਣੀ ਇ
ਭੁਲ ਦੇ ਕਾਰਨ ਬਹੁਤ ਪਛਤਾ ਰਿਹਾ ਹੈ ਤੇ ਆਪਣੀ ਬਦਨ
ਦਾ ਟਿਕਾ ਧੋਣ ਦਾ ਯਤਨ ਕਰ ਰਿਹਾ ਹੈ ਪਰ ਤੇਰੇ ਕਪੁਤਰ
ਕਾਰਨ ਕੁਛ ਭੀ ਨਹੀਂ ਕਰ ਸਕਦਾ (ਹਸਕੇ) ਅਜੇਹੀ ਕੁਲ
ਇਸਤ੍ਰੀ ਨੂੰ ਸਤੀ ਸਤਿਵੰਤੀ ਸਮਝਣ ਵਾਲਾ ਆਪਣੇ ਆ
ਏਯਾਰ ਕਹੇ ਤਾਂ ਬੜੇ ਅਸਚਰਜ ਦੀ ਗਲ ਹੈ ।

ਨਾਨਕ—ਤਾਂ ਕੀ ਮੇਰੇ ਏਯਾਰ ਹੋਣ ਵਿਚ ਤੁਹਾਨੂੰ ਕ
ਸੰਦੇਹ ਹੈ ?

CC-0. Kashmir Research Institute. Digitized by eGangotri

ਤਾਰਾ—ਕੁਛ ਕੀ ? ਉੱਨਾ ਹੀ ਸੰਦੇਹ ਹੈ।

ਨਾਨਕ--ਜੇ ਤੁਸੀ ਅਜੇਹਾ ਸਮਝ ਭੀ ਲਵੋ ਤਾਂ ਮੇਰਾ ਕੀ ਹੈ, ਤੇ ਇਸਤੋਂ ਵਧੀਕ ਤੁਸੀ ਮੇਰਾ ਕੁਛ ਨਹੀਂ ਕਰ ਕਿ ਏਥੋਂ ਜਾਕੇ ਝੂਠ ਮੂਠ ਰਾਜਾ ਬੀਰੇਂਦਰ ਸਿੰਘ ਨੂੰ ਦੇਵੋਗੇ ਪਰ ਯਾਦ ਰਖੋ ਕਿ ਮੈਂ ਕਿਸੇ ਦੇ ਅਧੀਨ ਹਾਂ।

ਤਾਰਾ—(ਕ੍ਰੋਧ ਨਾਲ) ਤੂੰ ਕਿਸੇ ਦੇ ਅਧੀਨ ਨਹੀਂ ?

ਤਾਰਾ ਸਿੰਘ ਨੂੰ ਕ੍ਰੋਧ ਕਰਦੇ ਵੇਖਕੇ ਨਾਨਕ ਡਰ ਗਿਆ, ਕਿ ਓਹ ਤਾਰਾ ਸਿੰਘ ਦਾ ਟਾਕਰਾ ਕਰਨਾ ਆਪਣੇ ਵਿਤੋਂ ਸਮਝਦਾ ਸੀ ਸੋ ਇਸ ਵੇਲੇ ਤਾਂ ਓਹ ਚੁਪ ਹੋਗਿਆ ਪਰ ਤਾਰਾ ਸਿੰਘ ਦੇ ਲਹੂ ਦਾ ਤਿਹਾਇਆ ਹੋਗਿਆ ਤੇ ਉਸਨੇ ਆ ਕਿ ਕਿਸੇ ਨਾ ਕਿਸੇ ਤਰਾਂ ਤਾਰਾ ਸਿੰਘ ਨੂੰ ਹੇਠੀ ਦੇਣੀ ਚਾਹੀਦੀ ਹੈ ਸਗੋਂ ਹੋਸਕੇ ਤਾਂ ਜਾਨੇ ਮਾਰ ਦੇਣਾ ਹੈ।

ਤਾਰਾ ਸਿੰਘ ਨੇ ਨਾਨਕ ਨੂੰ ਚੁਪ ਵੇਖਕੇ ਕਿਹਾ:—ਬਸ ਹੁਣ ਚਲਾ ਜਾਹ ਤੇ ਆਪਣੀ ਸਤਿਵੰਤੀ ਨੂੰ ਤੇ ਆਪਣੇ ਨੌਕਰ ਲ ਲੈ ਜਾਹ।

ਨਾਨਕ ਨੇ ਏਸੇ ਗਲ ਨੂੰ ਚੰਗਾ ਸਮਝਿਆ ਤੇ ਚਪ ਚਾਪ ਆ ਤੇ ਉਸਦੀ ਇਸਤ੍ਰੀ ਤੇ ਨੌਕਰ ਭੀ ਪਿਛੇ ਪਿਛੇ ਤੁਰ ਪਏ। ਓਸ ਵੇਲੇ ਤਾਰਾ ਸਿੰਘ ਨੇ ਭੀ ਆਪਣਾ ਡੇਰਾ ਕੂਚ ਕੀਤਾ ਹਰੋਂ ਬਾਹਰ ਹੋਕੇ ਚੁਨਾਰ ਦਾ ਰਸਤਾ ਫੜਿਆ ਪਰ ਵਿਚ ਸੋਚ ਲਿਆ ਕਿ ਦੁਸ਼ਟ ਨਾਨਕ ਜ਼ਰੂਰ ਮੇਰਾ

CC-0. Kashmir Research Institute. Digitized by eGangotri

ਪਿਛਾ ਕਰੇਗਾ ਸਗੋਂ ਅਚੰਭਾ ਨਹੀਂ ਕਿ ਧੋਖਾ ਦੇਕੇ ਮਾਰ ਹੀ ਸੁਟੇ।

ਦੂਸਰਾ ਕਾਂਡ

ਤੁਰਕਾਲਾਂ ਪੈਣ ਵਾਲੀਆਂ ਹਨ ਪਟਨੇ ਦੀ ਵਡੀ ਸਰਾਂ ਦੇ ਬੂਹੇ ਅਗੇ ਮੁਸਾਫਰਾਂ ਦੀ ਭੀੜ ਲਗੀ ਹੋਈ ਹੈ, ਕਈ ਭਠਯਾਰੇ ਕਈ ੨ ਤਰਾਂ ਦੇ ਅਰਾਮ ਦੇ ਲਾਲਚ ਨਾਲ ਗ੍ਰਾਹਕਾਂ ਨੂੰ ਆਪਣੇ੨ ਪਾਸੇ ਸਦ ਰਹੇ ਹਨ ਤੇ ਮੁਸਾਫਰ ਭੀ ਜਾਕੇ ਡੇਰੇ ਲਾ ਰਹੇ ਹਨ। ਇਹ ਸਰਾਂ ਬਹੁਤ ਵਡੀ ਹੈ ਤੇ ਇਸਦਾ ਫਾਟਕ ਬਹੁਤ ਪੱਕਾ ਹੈ ਫਾਟਕ ਦੇ ਅੰਦਰ ਦੋਹੀਂ ਪਾਸੀਂ ਬਾਰਾਂ ਸਿਪਾਹੀਆਂ ਤੇ ਇਕ ਜਮਾਦਾਰ ਦਾ ਡੇਰਾ ਹੈ ਜੋ ਇਸ ਸਰਾਂ ਦੀ ਰਾਖੀ ਲਈ ਰਾਜਾ ਵਲੋਂ ਨੀਯਤ ਹਨ ਪਰ ਓਨਾਂ ਦੀ ਤਨਖਾਹ ਸਰਾਂ ਦੇ ਭਠਿਆਰਿਆਂ ਤੋਂ ਲਈ ਜਾਂਦੀ ਸੀ ਏਹੋ ਸਿਪਾਹੀ ਵਾਰੀ ੨ ਫਿਰਕੇ ਸਰਾਂ ਦਾ ਪਹਿਰਾ ਦੇਂਦੇ ਸਨ ਤੇ ਜਦ ਕਿਸੇ ਮੁਸਾਫਰ ਨੂੰ ਕੋਈ ਔਕੜ ਹੁੰਦੀ ਸੀ ਤਾਂ ਸਿਧੇ ਰਾਜ ਦੀਵਾਨ ਦੇ ਪਾਸ ਜਾਕੇ ਰਪੋਰਟ ਕਰਦੇ ਸਨ।

ਜਦ ਸਭ ਮੁਸਾਫਰ ਟਿਕ ਗਏ ਤਾਂ ਸਰਾਂ ਦੇ ਅੰਦਰ ਸਰਾਂ ਦਾ ਜਮਾਦਾਰ ਪ੍ਰਬੰਧ ਦੇਖਣ ਲਈ ਫਿਰਨ ਲਗ ਪਿਆ ਤੇ ਭਠਿਆਰਿਆਂ ਤੇ ਮੁਸਾਫਰਾਂ ਤੋਂ ਹਾਲ ਚਾਲ ਮਲੂਮ ਕਰਨ ਲਗ ਪਿਆ।

ਓਹ ਜਮਾਦਾਰ ਜਦ ਉਤਰ ਵਲ ਉਸ ਕਮਰੇ ਵਲ ਪਹੁੰਚਾ ਜੋ ਇਸ ਸਰਾਂ ਵਿਚ ਸਭ ਤੋਂ ਚੰਗਾ ਤੇ ਦੋ ਮਜਲਾ ਸੀ ਤੇ

CC-0. Kashmir Research Institute. Digitized by eGangotri

ਅਮੀਰਾਂ ਦੇ ਰਹਿਣ ਜੋਗਾ ਬਣਿਆ ਹੋਇਆ ਸੀ ਤਾਂ ਕੁਛ ਚਿਰ ਲਈ ਠਹਿਰ ਗਿਆ ਤੇ ਉਸ ਕਮਰੇ ਵਿਚ ਰਹਿਣ ਵਾਲਿਆਂ ਵਲ ਧਿਆਨ ਨਾਲ ਦੇਖਣ ਲਗ ਪਿਆ ਕਿਉਂਕਿ ਉਸ ਵਿਚ ਇਕ ਜਵਾਹਰੀ ਦਾ ਡੇਰਾ ਸੀ ਜੋ ਬਹੁਤ ਮਾਲਦਾਰ ਮਲੂਮ ਹੁੰਦਾ ਸੀ, ਓਹ ਜਵਾਹਰੀ ਭੀ ਜਮਾਦਾਰ ਨੂੰ ਦੇਖਕੇ ਕਮਰੇ ਦੇ ਬਾਹਰ ਨਿਕਲ ਆਇਆ ਤੇ ਸੈਨਤ ਨਾਲ ਜਮਾਦਾਰ ਨੂੰ ਅਪਣੇ ਪਾਸ ਸਦਿਆ ।

ਜਮਾਦਾਰ ਨੇ ਪਾਸ ਜਾਕੇ ਉਸ ਜਵਾਹਰੀ ਨੂੰ ਅਮੀਰ ਤੇ ਰੋਅਬਦਾਰ ਸਮਝਕੇ ਸਲਾਮ ਕੀਤੀ ਤੇ ਸਲਾਮ ਦਾ ਉੱਤਰ ਲੈਕੇ ਕਿਹਾ ਕਹੋ ਕੀ ਹੁਕਮ ਹੈ ?

ਜਵਾਹਰੀ—ਮਲੂਮ ਹੁੰਦਾ ਹੈ ਕਿ ਇਸ ਸਰਾਂ ਦੀ ਰਖਵਾਲੀ ਮਹਾਰਾਜ ਵਲੋਂ ਤੁਹਾਡੇ ਸਪੁਰਦ ਹੈ ਤੇ ਓਹ ਫਾਟਕ ਵਾਲੇ ਸਿਪਾਹੀ ਭੀ ਤੁਹਾਡੇ ਹੀ ਅਧੀਨ ਹਨ ।

ਜਮਾਦਾਰ—ਜੀ ਹਾਂ ।

ਜਵਾਹਰੀ—ਤਾਂ ਪਹਿਰੇ ਦਾ ਕੀ ਪ੍ਰਬੰਧ ਹੈ ? ਕਿਸ ਢੰਗ ਨਾਲ ਪਹਿਰਾ ਦਿਤਾ ਜਾਂਦਾ ਹੈ ?

ਜਮਾਦਾਰ—ਮੇਰੇ ਪਾਸ ਬਾਰਾਂ ਸਿਪਾਹੀ ਹਨ ਜਿਨਾਂ ਦੇ ਤਿੰਨ ਭਾਗ ਕਰ ਦੇਂਦਾ ਹਾਂ ਜੋ ਫਿਰ ੨ ਕੇ ਪਹਿਰਾ ਦੇਂਦੇ ਹਨ।

ਜਵਾਹਰੀ—ਕਠੇ ਹੋਕੇ ।

ਜਮਾਦਾਰ—ਜੀ ਨਹੀਂ ਚਾਰੇ ਵਖੋ ਵਖ ਰਹਿੰਦੇ ਹਨ ਤੇ ਭੌਂਦੇ ੨ ਥੋੜੇ ੨ ਚਿਰ ਪਿਛੋਂ ਆਪਸ ਵਿਚ ਮਿਲਦੇ ਰਹਿੰਦੇ ਹਨ।

ਜਵਾਹਰੀ—ਪਰ ਅਜੇਹਾ ਤਾਂ.....(ਕੁਛ ਸੋਚਕੇ) ਇਸ

CC-0. Kashmir Research Institute. Digitized by eGangotri

ਤਰਾਂ ਖਲੋਤਿਆਂ ੨ ਗਲਾਂ ਕਰਨੀਆਂ ਠੀਕ ਨਹੀਂ ਆਓ ਕਮਰੇ ਦੇ ਅੰਦਰ ਬੈਠ ਜਾਓ ਮੈਂ ਕਈ ਜ਼ਰੂਰੀ ਗਲਾਂ ਕਰਨੀਆਂ ਹਨ ।

ਇਹ ਕਹਿਕੇ ਜਵਾਹਰੀ ਕਮਰੇ ਦੇ ਅੰਦਰ ਚਲਾ ਗਿਆ ਤੇ ਓਸਦੇ ਪਿਛੇ ੨ ਜਮਾਦਾਰ ਭੀ ਇਹ ਕਹਿਕੇ ਅੰਦਰ ਲੰਘ ਆਇਆ ਕਿ ਮੈਂ ਬਹੁਤ ਚਿਰ ਆਪਦੇ ਪਾਸ ਨਹੀਂ ਠਹਿਰ ਸਕਦਾ ਕਿਉਂਕਿ..... ।

ਇਹ ਕਮਰਾ ਕੁਛ ਅਗੇ ਹੀ ਸਜਿਆ ਹੋਇਆ ਸੀ ਤੇ ਹਣ ਜਵਾਹਰੀ ਦੇ ਸਮਾਨ ਨਾਲ ਰੌਣਕ ਤੇ ਹੋਗਿਆ ਸੀ ਫਰਸ਼ ਤੇ ਇਕ ਗਲੀਚਾ ਵਿਛਿਆ ਹੋਇਆ ਸੀ ਜਿਸ ਤੇ ਜਵਾਹਰੀ ਸਾਹਿਬ ਬੈਠ ਗਏ ਤੇ ਓਨਾਂ ਦੇ ਪਾਸ ਹੀ ਗਲੀਚੇ ਤੇ ਹੇਠਾਂ ਜਮਾਦਾਰ ਬੈਠ ਗਿਆ । ਬੇਨਵਿਆਂ ਹੀ ਜਵਾਹਰੀ ਸਾਹਿਬ ਨੇ ਖੀਸੇ ਵਿਚੋਂ ਪੰਜ ਮੋਹਰਾਂ ਕੱਢਕੇ ਜਮਾਦਾਰ ਦੇ ਅੱਗੇ ਕਰਕੇ ਕਿਹਾ ਮੈਂ ਆਪਣੇ ਲਾਭ ਲਈ ਤੁਹਾਡਾ ਸਮਾਂ ਨਸ਼ਟ ਕਰ ਰਿਹਾ ਹਾਂ ਤੇ ਅਜੇ ਹੋਰ ਕਰਾਂਗਾ ਜੋ ਉਸਦਾ ਹਰਜਾਨਾ ਪਹਿਲਾਂ ਹੀ ਦੇਂਦਾ ਹਾਂ ।

ਜਮਾਦਾਰ—ਨਹੀਂ ਨਹੀਂ ਇਸਦੀ ਕੀ ਲੋੜ ਹੈ ? ਇਤਨੇ ਸਮੇਂ ਵਿਚ ਮੇਰਾ ਕੋਈ ਹਰਜ ਨਹੀਂ ਹੁੰਦਾ ।

ਜਵਾਹਰੀ—ਸਮੇਂ ਦਾ ਨਸ਼ਟ ਹੋਣਾ ਹੀ ਹਰਜ ਕਹਾਉਂਦਾ ਹੈ ਜਿਸਤਰਾਂ ਮੈਂ ਆਪਣੇ ਸਮੇਂ ਦਾ ਮੁਲ ਪਾਉਂਦਾ ਹਾਂ ਇਸੇਤਰਾਂ ਦੂਸਰੇ ਦਾ ਭੀ ।

ਜਮਾਦਾਰ—ਹਾਂ ਠੀਕ ਹੈ ਪਰ..... ਮੈਂ ਤਾਂ..... ਤੁਹਾਡਾ..... .. .. ।

CC-0. Kashmir Research Institute. Digitized by eGangotri

ਜਵਾਹਰੀ–ਨਹੀਂ ਨਹੀਂ ਇਹ ਤੁਸੀਂ ਜਰੂਰ ਲੈ ਲਵੋ।

ਉਂਵ ਤਾਂ ਜਮਾਦਾਰ ਨੇ ਉਪਰਲੇ ਮਨੋਂ ਬਥੇਰੀ ਨਾਂਹ ਕੀਤੀ ਪਰ ਮੋਹਰਾਂ ਵੇਖਕੇ ਓਸਦੇ ਮੂੰਹ ਵਿਚ ਪਾਣੀ ਭਰ ਆਇਆ ਓਸਨੇ ਸੋਚਿਆ ਕਿ ਇਹ ਜਵਾਹਰੀ ਇਕ ਸਾਧਾਰਨ ਗਲ ਵਾਸਤੇ ਪੰਜ ਮੋਹਰਾਂ ਮੈਨੂੰ ਦੇਂਦਾ ਹੈ ਤੇ ਜੇ ਮੈਂ ਏਸਦਾ ਕੰਮ ਕਰ ਦੇਵਾਂਗਾ ਤਾਂ ਇਹ ਜਰੂਰ ਮੈਨੂੰ ਕੋਈ ਵਡੀ ਰਕਮ ਇਨਾਮ ਦੇਵੇਗਾ ਅਜੇਹਾ ਦਾਤਾ ਮੈਂ ਅਜ ਤਕ ਕੋਈ ਨਹੀਂ ਦੇਖਿਆ ਸੋ ਇਹ ਰਕਮ ਮੈਨੂੰ ਹਥੋਂ ਛਡਣੀ ਨਹੀਂ ਚਾਹੀਦੀ।

ਜਮਾਦਾਰ–(ਮੋਹਰਾਂ ਲੈਕੇ) ਕੀ ਆਗਿਆ ਹੈ ?

ਜਵਾਹਰ –ਹਛਾ ਫੇਰ ਚੌਂਹ ਚੌਂਹ ਆਦਮੀਆਂ ਦਾ ਪਹਿਰਾ ਹੁੰਦਾ ਹੈ।

ਜਮਾਦਾਰ–ਜੀ ਹਾਂ

ਜਵਾਹਰੀ–ਤਾਂ ਤੁਹਾਨੂੰ ਤਾਂ ਪਹਿਰੇ ਤੇ ਨਹੀਂ ਜਾਣਾ ਪੈਂਦਾ ਹੋਵੇਗਾ ?

ਜਮਾਦਾਰ–ਜੀ ਨਹੀਂ, ਮੈਂ ਆਪਣੇ ਟਿਕਾਣੇ ਫਾਟਕ ਤੇ ਬੇਠਾ ਰਹਿੰਦਾ ਹਾਂ ਤੇ ਬਾਕੀ ਦੇ ਅੱਠ ਆਦਮੀ ਜੋ ਮੇਰੇ ਪਾਸ ਸੁਤੇ ਹੋਏ ਹੁੰਦੇ ਹਨ ਜਦ ਪਹਿਰਾ ਬਦਲਨ ਦਾ ਵੇਲਾ ਹੁੰਦਾ ਹੈ ਉਠਾਕੇ ਪਹਿਰੇ ਤੇ ਭੇਜ ਦੇਂਦਾ ਹਾਂ ਤੇ ਪਹਿਲੇ ਪਹਿਰੇਦਾਰ ਅਰਾਮ ਕਰਦੇ ਹਨ ਆਪ ਆਪਣਾ ਪ੍ਰਯੋਜਨ ਦਸੋ।

ਜਵਾਹਰੀ–ਮੇਰਾ ਪ੍ਰਯੋਜਨ ਕਵਲ ਇਤਨਾ ਹੀ ਹੈ ਕਿ ਮੈਂ ਚਾਰ ਦਿਨ ਤੋਂ ਜਾਗਦਾ ਰਿਹਾ ਹਾਂ ਹੁਣ ਸੌਣਾ ਚਾਹੁੰਦਾ ਹਾਂ।

ਜਮਾਦਾਰ–ਤਾਂ ਆਪ ਅਰਾਮ ਨਾਲ ਸੌਂ ਰਹੋ ਕੋਈ

CC-0. Kashmir Research Institute. Digitized by eGangotri

ਹਰਜ ਨਹੀਂ ।

ਜਵਾਹਰੀ–ਮੈਂ ਕਿਸਤਰਾਂ ਨਿਸਚਿੰਤ ਹੋਕੇ ਸੌਂ ਸਕਦਾ ਹਾਂ ਮੇਰੇ ਪਾਸ ਬਹੁਤ ਸਾਰੀ ਰਕਮ ਹੈ (ਕਮਰੇ ਵਿਚ ਪਏ ਹੋਏ ਸੰਦੂਕਾਂ ਵਲ ਸੇਨਤ ਕਰਕੇ) ਇਨਾਂ ਸਭਨਾਂ ਵਿਚ ਜਵਾਹਰਾਤ ਭਰੀ ਹੋਈ ਹੈ ਜਦ ਤਕ ਮੇਰੇ ਮਨ ਪਸੰਦ ਇਨਾਂ ਦੀ ਰਾਖੀ ਦਾ ਪ੍ਰਬੰਧ ਨਾ ਹੋਜਾਵੇ ਤਦ ਤਕ ਮੈਨੂੰ ਨੀਂਦ ਨਹੀਂ ਆ ਸਕਦੀ।

ਜਮਾਦਾਰ–ਆਪ ਇਨਾਂ ਨੂੰ ਪੂਰੀ ੨ ਰਾਖੀ ਵਿਚ ਸਮਝੋ ਕਿਉਂਕਿ ਇਸ ਸਰਾਂ ਦੇ ਅੰਦਰ ਕੋਈ ਚੋਰ ਚੋਰੀ ਕਰਕੇ ਬਾਹਰ ਨਹੀਂ ਨਿਕਲ ਸਕਦਾ ਕਿਉਂਕਿ ਫਾਟਕ ਦੀ ਕੁੰਜੀ ਮੇਰੇ ਪਾਸ ਹੁੰਦੀ ਹੈ ਤੇ ਫਾਟਕ ਦੇ ਬਿਨਾਂ ਹੋਰ ਕੋਈ ਰਸਤਾ ਬਾਹਰ ਨਿਕਲਨ ਦਾ ਨਹੀਂ ਹੈ।

ਜਵਾਹਰੀ–ਠੀਕ ਹੈ ਪਰ ਅੰਤ ਨੂੰ ਫਾਟਕ ਮੂੰਹ ਹਨੇਰੇ ਖੁਲਦਾ ਹੀ ਹੋਵੇਗਾ ਮੈਂ ਕਈਆਂ ਦਿਨਾਂ ਤੋਂ ਜਾਗਦਾ ਹਾਂ ਕੀ ਪਤਾ ਹੈ ਕਿ ਘੂਕ ਸੌਂ ਜਾਵਾਂ ਤੇ ਮੇਰੇ ਨੌਕਰ ਭੀ ਮੈਨੂੰ ਸੁਤੇ ਵੇਖਕੇ ਆਪ ਭੀ ਸੌ ਜਾਣ ਤੇ ਦਿਨ ਚੜ੍ਹੇ ਤਕ ਕਿਸੇ ਦੀ ਅੱਖ ਨਾ ਖੁਲੇ ਅਜਹੀ ਦਸ਼ਾ ਵਿਚ ਜੋ ਕੋਈ ਚੋਰੀ ਕਰੇਗਾ ਭੀ ਤਾਂ ਤੜਕੇ ਬੂਹਾ ਖੁਲ੍ਹਣ ਤੇ ਉਸਦਾ ਨਿਕਲ ਜਾਣਾ ਕੋਈ ਵਡੀ ਗਲ ਨਹੀਂ ਹੋਵੇਗੀ।

ਜਮਾਦਾਰ–ਠੀਕ ਹੈ ਪਰ ਮੈਂ ਪ੍ਰਣ ਕਰਦਾ ਹਾਂ ਕਿ ਆਪ ਤੋਂ ਪੁਛਕੇ ਬੂਹਾ ਖੋਲਾਂਗਾ ।

ਜਵਾਹਰੀ–ਹੋ ਸਕਦਾ ਹੈ ਪੁੱਤ੍ਰ ਜੇ ਕਦੇ ਚੋਰੀ ਹੋਜਾਵੇ ਚੋਰ ਫੜਿਆ ਜਾਵੇ ਤਾਂ ਮੈਨੂੰ ਰਾਜਾ ਜਾਂ ਕੋਈ ਕਰਮਚਾਰੀ ਚੋਰੀ ਦੇ ਪ੍ਰਮਾਨ ਲਈ ਠਹਿਰਨ ਲਈ ਕਹੇ ਤਾਂ ਮੇਰਾ ਬੜਾ ਹਰਜ

CC-0. Kashmir Research Institute. Digitized by eGangotri

ਹੋਵੇਗਾ, ਮੈਂ ਇਕ ਦਿਨ ਭੀ ਨਹੀਂ ਠਹਿਰ ਸਕਦਾ । ਏਹੋ ਜੇਹੀਆਂ ਬਹੁਤ ਸਾਰੀਆਂ ਗਲਾਂ ਸੋਚਕੇ ਮੈਂ ਚਾਹੁੰਦਾ ਹਾਂ ਕਿ ਚੋਰੀ ਹੋਣ ਦਾ ਸੰਦੇਹ ਹੀ ਨਾ ਰਹੇ ਤੇ ਮੈਂ ਅਰਾਮ ਨਾਲ ਲਤਾਂ ਪਸਾਰ ਕੇ ਸੌਂ ਰਹਾਂ ਜੇ ਤੁਸੀ ਚਾਹੋ ਤਾਂ ਇਹ ਸੁਖੈਨ ਹੀ ਹੋ ਸਕਦਾ ਹੈ, ਇਸਦੇ ਬਦਲੇ ਵਿਚ ਮੈਂ ਭੀ ਤੁਹਾਨੂੰ ਚੰਗੀ ਤਰਾਂ ਪ੍ਰਸੰਨ ਕਰ ਦੇਵਾਂਗਾ।

ਜਮਾਦਾਰ—ਕੋਈ ਡਰ ਨਹੀਂ ਮੈਂ ਆਪਣੇ ਸਿਪਾਹੀਆਂ ਨੂੰ ਆਗਿਆ ਦੇਵਾਂਗਾ ਕਿ ਚੌਹਾਂ ਵਿਚੋਂ ਇਕ ਕੇਵਲ ਆਪਦੇ ਬੂਹੇ ਅਗੇ ਰਹੇ ਤੇ ਤਿੰਨ ਪਹਿਰਾ ਦੇਣ।

ਜਵਾਹਰੀ—ਬਸ ਬਸ ਏਤਨੇ ਨਾਲ ਹੀ ਮੈਂ ਨਿਸਚਿੰਤ ਹੋਜਾਵਾਂਗਾ ਆਪਣੇ ਸਿਪਾਹੀਆਂ ਨੂੰ ਭੀ ਤਾਕੀਦ ਕਰ ਦੇਣੀ ਕਿ ਮੇਰੇ ਪਹਿਰੇ ਵਾਲੇ ਸਿਪਾਹੀ ਨੂੰ ਸੌਣ ਨਾ ਦੇਣ ਭਾ ਮੈਂ ਆਪਣੇ ਆਦਮੀਆਂ ਨੂੰ ਭੀ ਜਾਗਣ ਲਈ ਬਹੁਤ ਤਾਕੀਦ ਕਰ ਦੇਵਾਂਗਾ ਪਰ ਓਹ ਕਈਆਂ ਰਾਤਾਂ ਦੇ ਉਨੀਂਦਰੇ ਵਿਚ ਹਨ ਨੀਂਦ ਆ ਜਾਣੀ ਕੋਈ ਅਚੰਭਾ ਨਹੀਂ ਹੈ, ਹਾਂ ਇਕ ਢੰਗ ਮੈਨੂੰ ਹੋਰ ਸੁਝਿਆ ਹੈ ਜੋ ਇਸਤੋਂ ਭੀ ਸੁਖਾਲਾ ਹੈ, ਹਾਂ ਜੇ ਤੁਸੀ ਆਪ ਏਥੇ ਸੌਣ ਦਾ ਪ੍ਰਬੰਧ ਕਰੋ ਤਾਂ ਠੀਕ ਹੈ ਸਾਰੀ ਰਾਤ ਆਨੰਦ ਰਹੇਗਾ ਪਹਿਰਾ ਬਦਲਨ ਵੇਲੇ..... ।

ਜਮਾਦਾਰ—ਮੈਂ ਆਪਦਾ ਭਾਵ ਸਮਝ ਗਿਆ ਹਾਂ ਪਰ ਅਜੇਹਾ ਕਰਨ ਨਾਲ ਮੇਰੀ ਬੜੀ ਬਦਨਾਮੀ ਹੋਵੇਗੀ, ਮੈਨੂੰ ਹਰਵੇਲੇ ਫਾਟਕ ਤੇ ਰਹਿਣਾਂ ਚਾਹੀਦਾ ਹੈ ਰਾਤ ਭਰ ਵਿਚ ਅਨੇਕਾਂ ਆਦਮੀ ਮੇਰੇ ਪਾਸ ਆਕੇ ਹਾਲ ਪੁਕਾਰ ਕਰਦੇ ਹਨ, ਆਪ ਚਿੰਤਾ ਨਾ ਕਰੋ ਮੈਂ ਆਪ ਦੀ ਰਖਵਾਲੀ ਦਾ ਪੂਰਾ ਪਰਬੰਧ ਕਰ ਦੇਵਾਂਗਾ ਜੇ

CC-0. Kashmir Research Institute. Digitized by eGangotri

ਆਪਦਾ ਕੁਛ ਨੁਕਸਾਨ ਹੋਜਾਵੇ ਤਾਂ ਮੇਰਾ ਜ਼ਿੰਮਾ।

ਕੁਛ ਹੋਰ ਗਲਾਂ ਕਰਨ ਦੇ ਪਿਛੋਂ ਜਮਾਦਾਰ ਆਪਣੇ ਥਾਂ ਚਲਾ ਗਿਆ ਤੇ ਆਪਣੇ ਕਹੇ ਅਨੁਸਾਰ ਓਸਨੇ ਪਹਿਰੇ ਦਾ ਪ੍ਰਬੰਧ ਭੀ ਕਰ ਦਿਤਾ।

ਪਾਠਕ ਜੀ! ਇਹ ਜਵਾਹਰੀਮਹਾਤਮਾਂਕੋਈ ਨਵੇਂਆਦਮੀ ਨਹੀਂ ਸਨੋਂ ਪੁਰਾਣੇ ਮਿਤਰ ਤਾਰਾ ਸਿੰਘ ਜੀ ਹਨ ਜੋ ਨਾਨਕ ਦੇ ਚਾਲ ਚੱਲਣ ਦਾ ਪਤਾ ਲੈਕੇ ਚੁਨਾਰ ਗੜ ਮੁੜੇ ਜਾ ਰਹੇ ਹਨ, ਇਸਨੂੰ ਇਸ ਗਲ ਦਾ ਨਿਸਚਾ ਹੋਗਿਆ ਕਿ ਨਾਨਕ ਜਰੂਰ ਮੇਰਾ ਪਿਛਾ ਕਰੇਗਾ ਤੇ ਏਯਾਰੀ ਦੇ ਨਿਯਮ ਨੂੰ ਤਿਲਾਂਜੁਲੀ ਦੇਕੇ ਜਾਨੋ ਮਾਰਨ ਦਾ ਯਤਨ ਕਰੇਗਾ ਏਸੇ ਲਈ ਓਹ ਇਸ ਢੰਗ ਨਾਲ ਕੰਮ ਕਰ ਰਿਹਾ ਸੀ। ਨਾਨਕ ਭੀ ਮਨ ਵਿਚ ਤਾਰਾ ਸਿੰਘ ਨੂੰ ਜਾਨੋ ਮਾਰਨ ਦੀ ਸੌਂਹ ਖਾ ਚੁਕਾ ਸੀ ਏਸੇ ਤੇ ਹੀ ਬੱਸ ਨਹੀਂ ਸਨੋਂ ਓਹ ਆਪਣੇ ਪਿਓ ਤੇ ਰਾਜਾ ਬੀਰੇਂਦ੍ਰ ਸਿੰਘ ਦੇ ਭੀ ਵਿਰੁਧ ਹੋਗਿਆ ਸੀ ਕਿਉਂ ਕਿ ਹੁਣ ਓਸਨੂੰ ਕਿਸੇ ਪ੍ਰਕਾਰ ਦੀ ਆਸ਼ਾ ਨਹੀਂ ਰਹੀ ਸੀ। ਸੋ ਓਹ ਭਾ ਆਪਣੇ ਸ਼ਾਗਿਰਦਾਂ ਸਮੇਤ ਤੇ ਤਾਰਾ ਸਿੰਘ ਦੇ ਪਿਛੇ ੨ ਤੁਰ ਪਿਆ ਸੀ। ਅਜ ਰਾਤ ਓਹ ਭੀ ਇਸੇ ਸਰਾਂ ਵਿਚ ਅਟਕਿਆ ਸੀ ਕਿਉਂਕਿ ਖੋਜ ਕਰਦੇ ਕਰਦੇ ਓਸਨੂੰ ਪਤਾ ਲਗ ਗਿਆ ਸੀਕਿ ਤਾਰਾ ਸਿੰਘ ਭੀ ਸੌਦਾਗਰ ਬਣਿਆ ਹੋਇਆ ਇਸ ਸਰਾਂ ਵਿਚ ਆ ਠਹਿਰਿਆ ਹੈ। ਓਹ ਤਾਰਾ ਸਿੰਘਨੂੰਫਸੌਣ ਦਾ ਯਤਨ ਕਰ ਰਿਹਾ ਸੀ ਪਰ ਉਸਨੂੰ ਏਹ ਪਤਾ ਨਹੀਂ ਸੀਕਿਤਾਰਾ ਸਿੰਘਭੀ ਮੇਰੇ ਵਲੋਂ ਨਿਸਚਿੰਤ ਨਹੀਂ ਹੈ ਜਾਂ ਓਹ ਮੇਰਾ ਰਤੀ ੨ ਹਾਲ ਜਾਣਦਾ ਹੈ। ਸੋ ਹੁਣ ਦੇਖਣਾ ਚਾਹੀਦਾ ਹੈ ਕਿ ਕਿਸਦੀ ਚਲਾਕੀ ਚਲਦੀ ਹੈ।

CC-0. Kashmir Research Institute. Digitized by eGangotri

ਰਾਤ ਅੱਧੀ ਤੋਂ ਵਧੀਕ ਜਾ ਚੁਕੀ ਹੈ ਸਰਾਂ ਵਿਚ ਚੁਪ ਚਾਪ ਹੈ, ਪਹਿਰੇ ਦੇਣ ਵਾਲਿਆਂ ਤੋਂ ਬਿਨਾ ਹੋਰ ਕੋਈ ਨਹੀਂ ਜਾਗਦਾ, ਪਹਿਰੇ ਦੇ ਸਿਪਾਹੀਆਂ ਵਿਚੋਂ ਇਕ ਤਾਂ ਜਵਾਹਰੀ (ਤਾਰਾ ਸਿੰਘ) ਦੇ ਬੂਹੇ ਅਗੇ ਪਹਿਰਾ ਦੇ ਰਿਹਾ ਹੈ ਤੇ ਤਿੰਨ ਸਰਾਂ ਦੇ ਅੰਦਰ ਫਿਰ ਫਿਰ ਕੇ ਪਹਿਰਾਂ ਦੇ ਰਹੇ ਹਨ ਵਡਾ ਫਾਟਕ ਬੰਦ ਹੈ।

ਤਾਰਾ ਸਿੰਘ ਦੇ ਨਾਲ ਚਾਰ ਆਦਮੀ ਸਨ ਦੋ ਤਾਂ ਉਸਦੇ ਸ਼ਾਗਿਰਦ ਸਨ ਤੇ ਦੋ ਆਦਮੀ ਓਸਨੇ ਰਸਤੇ ਵਿਚ ਹੀ ਨੌਕਰ ਰਖੇ ਸਨ ਜਿਨਾਂ ਨੂੰ ਤਾਰਾ ਸਿੰਘ ਦੀ ਸਚੀ ੨ ਕੁਛ ਖਬਰ ਨਹੀਂ ਸੀ ਓਹ ਕੇਵਲ ਏਤਨਾ ਹੀ ਜਾਣਦੇ ਸਨ ਕਿ ਤਾਰਾ ਸਿੰਘ ਇਕ ਅਮੀਰ ਆਦਮੀ ਹੈ। ਇਸ ਵੇਲੇ ਓਹ ਦੋਵੇਂ ਨੌਕਰ ਕਮਰੇ ਤੋਂ ਬਾਹਰ ਬਰਾਂਡੇ ਵਿਚ ਪਏ ਘੁਰਾੜੇ ਮਾਰਦੇ ਸਨ ਤਾਰਾ ਸਿੰਘ ਤੇ ਓਸਦੇ ਸ਼ਾਗਿਰਦ ਅੰਦਰ ਬੈਠੇ ਗਲਾਂ ਕਰ ਰਹੇ ਸਨ ਤੇ ਬੂਹਾ ਭੀੜਿਆ ਹੋਇਆ ਸੀ।

ਤਾਰਾ ਸਿੰਘ ਦਾ ਇਕ ਸ਼ਾਗਿਰਦ ਬਾਹਰ ਨਿਕਲਿਆ ਤੇ ਓਸਨੇ ਆਪਣੇ ਚੌਹੀਂ ਪਾਸੀਂ ਨਜਰਮਾਰਕੇ ਦੇਖਕੇਪਹਿਰੇਦਾਰਨੂੰ ਕਿਹਾਤੁਹਾਨੂੰ ਸੌਦਾਗਰ ਸਾਹਿਬ ਸਦ ਰਹੇਹਨ ਜਾਕੇ ਗਲਸੁਣਆਓ ਉਤਨਾਂ ਚਿਰ ਮੈਂ ਪਹਿਰਾ ਦੇਂਦਾ ਹਾਂ ਅੰਦਰ ਜਾਕੇ ਬੂਹਾ ਭੀੜਦੇਣਾ। ਇਹ ਸੁਣਦਿਆਂ ਹੀ ਲਾਲ ਦੀ ਸਿਪਾਹੀ ਜਿਸਨੂੰ ਨਿਸਚਾ ਸੀ ਕਿ ਸਾਡੇ ਜਮਾਦਾਰ ਨੂੰ ਕੁਛ ਮਿਲ ਚੁਕਾ ਹੈ ਤੇ ਮੈਨੂੰ ਭੀਜਰੂਰਮਿਲੇਗਾ ਕਮਰੇ ਦੇ ਅੰਦਰ ਵੜ ਗਿਆ ਤੇ ਬਹੁਤ ਚਿਰ ਤਕ ਬਾਹਰ ਨ ਆਇਆ ਉਤਨਾ ਚਿਰ ਤਾਰਾ ਸਿੰਘ ਦਾ ਸ਼ਾਗਿਰਦਉਥੇਟਹਿਲਦਾ

CC-0. Kashmir Research Institute. Digitized by eGangotri

ਰਿਹਾ ਉਸਨੇ ਵਖਿਆ ਕਿ ਇਕ ਆਦਮੀ ਕਈ ਵਾਰੀ ਆਇਆ ਹੈ ਤੇ ਪੈਹਰੇਦਾਰ ਨੂੰ ਵੇਖਕੇ ਮੁੜ ਜਾਂਦਾ ਰਿਹਾ ਹੈ।

ਬਹੁਤ ਚਿਰ ਪਿਛੋਂ ਦੋ ਆਦਮੀ ਅੰਦਰੋਂ ਨਿਕਲੇ, ਇਕ ਤਾਂ ਆਪ ਤਾਰਾ ਸਿੰਘ ਤੇ ਦੂਸਰਾ ਤਾਰਾ ਸਿੰਘ ਦਾ ਦੂਸਰਾ ਸ਼ਾਗਿਰਦ ਤਾਰਾ ਸਿੰਘ ਦੇ ਹਥ ਸਿਪਾਹੀ ਦਾ ਕੰਬਲ ਸੀ ਜੋ ਓਸਨੇ ਆਪਣੇ ਸ਼ਾਗਿਰਦ ਨੂੰ ਜੋ ਪਹਿਰਾ ਦੇ ਰਿਹਾ ਸੀ ਦੇਕੇ ਕਿਹਾ ਇਹ ਕੰਬਲ ਤੂੰ ਉਪਰ ਲੈ ਲੈ ਤੇ ਜੇ ਕੋਈ ਤੇਰੇ ਪਾਸ ਆਕੇ ਬੇਹੋਸ਼ੀਦੀ ਦਵਾ ਤੈਨੂੰ ਸੁੰਘਾਵੇ ਤਾਂ ਨਿਧੜਕ ਸੁੰਘ ਲਵੀਂ ਤੇ ਮੈਂਨੂੰ ਆਪਣੇ ਤੋਂ ਦੂਰ ਨਾ ਜਾਣੀ।

ਤਾਰਾ ਸਿੰਘ ਦੇ ਸ਼ਾਗਿਰਦ ਨੇ ਕੰਬਲ ਲੈ ਲਿਆ ਅਰ ਕਿਹਾ ਕਿ ਵੈਰੀ ਦੋ ਤਿੰਨ ਵਾਰੀ ਆਯਾ ਹੈ ਪਰ ਮੈਨੂੰ ਵੇਖਕੇ ਮੁੜ ਜਾਂਦਾ ਰਿਹਾ ਹੈ।

ਤਾਰਾ—ਹਾਂ ਕੁਛ ਚਿਰ ਹੋਗਿਆ ਹੈ ਮੈਂ ਓਸ ਸਿਪਾਹੀ ਨੂੰ ਬੇਹੋਸ਼ ਕਰਕੇ ਆਪਣੀ ਥਾਂ ਸੁਵਾ ਆਇਆ ਹਾਂ ਤੇ ਦੀਵਾ ਬੁਝਾ ਦਿਤਾ ਹੈ ਹੁਣ ਤੂੰ ਉਸ ਬੰਮਦੇ ਪਾਸ ਜਾਕੇ ਸੌਂ ਰਹੋ (ਦੂਸਰੇ ਸ਼ਾਗਿਰਦ ਨੂੰ) ਤੂੰ ਉਸ ਬੂਹੇ ਕੋਲ ਜਾਕੇ ਲੰਮਾ ਪੈ ਜਾਹ ਤੇ ਆਪ ਇਕ ਹੋਰ ਮੁਸਾਫਰ ਦੀ ਕੋਠੜੀ ਅਗੇ ਜਾਕੇ ਲੰਮਾ ਪੈਗਿਆ ਪਰ ਇਸ ਢੰਗ ਨਾਲ ਕਿ ਆਪ ਸਭ ਕਾਰਵਾਈ ਦੇਖਦੇ ਰਹੇ।

ਅੱਧੇ ਘੰਟੇ ਦੇ ਪਿਛੋਂ ਤਾਰਾ ਸਿੰਘ ਨੇ ਵੇਖਿਆ ਕਿ ਦੋ ਆਦਮੀ ਸਾਡੇ ਬੂਹੇ ਅਗੇ ਆਕੇ ਖਲੋ ਗਏ ਹਨ ਜਿਨਾਂ ਦੀ ਸੂਰਤ ਹਨੇਰੇ ਦੇ ਕਾਰਨ ਨਜਰ ਨਹੀਂ ਆਉਂਦੀ। ਕੁਛ ਚਿਰ ਠਹਿਰਕੇ ਓਨਾਂ ਦੋਹਾਂ ਨੇ ਤਾਰਾ ਸਿੰਘ ਦੇ ਆਦਮੀਆਂ ਨੂੰ ਦੇਖਿਆ ਉਪ੍ਰੰਤ

CC-0. Punjabi University Research Institute. Digitized by eGangotri

ਉਨਾਂ ਵਿਚੋਂ ਇਕ ਬੂਹਾ ਖੋਹਲਕੇ ਅੰਦਰ ਵੜ ਗਿਆ ਤੇ ਅੱਧੀ ਕੁ ਘੜੀ ਪਿਛੋਂ ਜਦ ਬਾਹਰ ਨਿਕਲਿਆ ਤਾਂ ਉਸਦੀ ਪਿੱਠ ਤੇ ਇਕ ਗੰਢ ਸੀ। ਗੰਢ ਪਿਠ ਤੇ ਲਦਕੇਤੇ ਆਪਣੇ ਸਾਥੀ ਨੂੰ ਨਾਲ ਲੈਕੇ ਓਹ ਆਦਮੀ ਸਰਾਂ ਦੇ ਦੂਸਰੇ ਪਾਸੇ ਚਲਾ ਗਿਆ ਜਦ ਕੁਛ ਦੂਰ ਚਲਾ ਗਿਆ ਤਾਂ ਤਾਰਾ ਸਿੰਘ ਆਪਣੇ ਕਮਰੇ ਕੋਲ ਆਇਆ ਤੇ ਅ ਕੇ ਆਪਣੇ ਸ਼ਾਗਿਰਦਾਂ ਨੂੰ ਜਗਾਇਆ ਤੇ ਫੇਰ ਉਸੇਤਰਾਂ ਲੰਮੇ ਪਏ ਰਹਿਣ ਦੀ ਆਗਿਆ ਦੇਕੇ ਆਪ ਕੋਠੜੀ ਦੇ ਅੰਦਰ ਚਲਾ ਗਿਆ ਤੇ ਅੰਦਰੋਂ ਬੂਹਾ ਬੰਦ ਕਰਕੇ ਦੀਵਾ ਜਗਾਕੇ ਵੇਖਿਆ ਕਿ ਵੈਰੀ ਨੇ ਉਸਦੀ ਕੋਈ ਚੀਜ਼ ਨਹੀਂ ਚੁਰਾਈ ਓਹ ਕੇਵਲ ਉਸ ਸਿਪਾਹੀ ਨੂੰ ਚੁਕਕੇ ਲੈ ਗਿਆ ਹੈ ਜਿਸਨੂੰ ਤਾਰਾ ਸਿੰਘ ਆਪਣੀ ਥਾਂ ਸੌਂਦ ਗਰ ਬਣਾਕੇ ਸੁਵਾ ਗਿਆ ਸੀ।

ਤਾਰਾ ਸਿੰਘ ਬੜਾ ਪ੍ਰਸੰਨ ਹੋਇਆ ਤੇ ਉਸਨੇ ਕਮਰੇ ਬਾਹਰ ਨਿਕਲਕੇ ਦੋਹਾਂ ਸ਼ਾਗਿਰਦਾਂ ਨੂੰ ਉਠਾਕੇ ਕਿਹਾ ਕਿ ਹੁਣ ਸਾਡਾ ਪ੍ਰਯੋਜਨ ਤਾਂ ਸਿਧ ਹੋਗਿਆ ਹੈਇਸ ਵਿਚ ਭੀ ਸੰਦੇਹ ਨਹੀਂ ਕਿ ਦੁਸ਼ਟ ਨਾਨਕ ਆਪਣਾ ਕੰਮ ਹੋਇਆ ਵੇਖਕੇ ਫਾਟਕ ਦਾ ਬੂਹਾ ਖੁਲਾਕੇ ਸਰਾਂ ਦੇ ਬਾਹਰ ਨਿਕਲ ਆਵੇਗਾ ਤੇ ਮੈਂ ਭੀ ਏਹੋ ਚਾਹੁੰਦਾ ਹਾਂ। ਹੁਣ ਉਚਿਤ ਹੈ ਕਿ ਤੁਸਾਂ ਦੋਹਾਂ ਵਿਚੋਂ ਇਕ ਤਾਂ ਏਥੇ ਪਹਿਰਾ ਦੇਵੇ ਤੇ ਇਕ ਸਰਾਂ ਦੇ ਬੂਹੇ ਕੋਲ ਜਾਕੇ ਦੇਖੇ ਕਿ ਨਾਨਕ ਕਦੋਂ ਬਾਹਰ ਨਿਕਲਦਾ ਹੈ। ਜਿਸ ਵੇਲੇ ਓਹ ਬਾਹਰ ਨਿਕਲੇ ਉਸੇ ਵੇਲੇ ਮੈਨੂੰ ਖਬਰ ਮਿਲੇ।

ਇਹ ਕਹਿਕੇ ਤਾਰਾ ਸਿੰਘ ਕਮਰੇ ਦੇ ਅੰਦਰ ਚਲਾ ਗਿਆ ਤੇ ਅੰਦਰੋਂ ਬੂਹਾ ਬੰਦ ਕਰਕੇ ਉਪਰ ਛੱਤ ਤੇ ਜਾ ਚੜਿਆ ਤਾਂਕਿ

CC-0. Kashmir Research Institute. Digitized by eGangotri

ਓਹ ਉਪਰੋਂ ਸਭ ਕੁਛ ਦੇਖ ਸਕੇ।

ਨਾਨਕ ਉਸ ਵੇਲੇ ਫੁਲਿਆ ਨਹੀਂ ਸਮਾਉਂਦਾ ਸੀ ਓਹ ਸਮਝਦਾ ਸੀ ਕਿ ਮੈਂ ਤਾਰਾ ਸਿੰਘ ਨੂੰ ਫੜ ਲਿਆ ਹੈ ਮੈਂ ਹੁਣ ਜਿਥੋਂ ਤਕ ਛੇਤੀ ਹੋ ਸਕੇ ਸਰਾਂ ਦੇ ਬਾਹਰ ਨਿਕਲਣਾ ਚਾਹੀਦਾ ਹੈ ਸੋ ਇਹੋ ਸੋਚਕੇ ਉਸਨੇ ਆਪਣਾ ਲਟਾ ਪਟਾ ਚੁਕ ਲਿਆ ਤੇ ਜਮਾਦਾਰ ਦੀ ਮਿੰਨਤ ਕਰਕੇ ਜਾਂ ਕੁਛ ਵਢੀ ਦੇਕੇ ਬੂਹਾ ਖੁਲ-ਵਾਇਆ ਤੇ ਬਾਹਰ ਨਿਕਲ ਗਿਆ।

ਤਾਰਾ ਸਿੰਘ ਨੂੰ ਜਦ ਇਹ ਮਲੂਮ ਹੋਇਆ ਕਿ ਨਾਨਕ ਚਲਾ ਗਿਆ ਹੈਤਾਂ ਓਸਨੇ ਆਪਣੀਚੋਰੀ ਹੋਜਾਣਦੀਖਬਰਉਡਾਉਣ ਦਾ ਪ੍ਰਬੰਧ ਕੀਤਾ। ਓਹ ਸੰਦੂਕ ਜਿਨਾਂ ਵਿਚ ਭਾਰਾ ਮਾਲ ਹੋਣ ਦਾ ਪਤਾ ਜਮਾਦਾਰ ਨੂੰ ਤੇ ਲੋਕਾਂ ਨੂੰ ਦਸਿਆ ਗਿਆ ਸੀ ਤੋੜ ਸੁਟੇ ਫੇਰ ਆਪਣੇ ਨੌਕਰਾਂ ਨੂੰ ਜਗਾਕੇ ਬਹੁਤਸਾਰਾ ਚਾਨਣ ਕਰਕੇ ਚੋਰ ਚੋਰ ਦਾ ਰੌਲਾ ਪਾਕੇ ਕਿਹਾ ਕਿ ਸਾਡੀ ਲੱਖਾਂ ਰੁਪਏ ਦੀ ਜਵਾਹਰਾਤ ਚੋਰੀ ਹੋਗਈ ਹੈ।

ਚੋਰੀ ਦੀ ਖਬਰ ਸੁਣਕੇ ਵਿਚਾਰਾ ਜਮਾਦਾਰ ਭਜਾ ਆਯਾ ਉਸਨੂੰ ਦੇਖਦਿਆਂ ਹੀ ਤਾਰਾ ਸਿੰਘ ਨੇ ਰੋਣੀ ਸੂਰਤ ਬਣਾਕੇ ਕਿਹਾ ਦੇਖ ਜਮਾਦਾਰ ਮੈਂ ਪਹਿਲਾਂ ਹੀ ਕਹਿੰਦਾ ਸੀ ਕਿ ਮੇਰੇ ਅਸਬਾਬ ਦੀ ਰਾਖੀ ਹੋਣੀ ਚਾਹੀਦੀ ਹੈ ਅੰਤ ਨੂੰ ਚੋਰੀ ਹੋ ਹੀ ਗਈ ਮਲੂਮ ਹੁੰਦਾ ਹੈ ਕਿ ਤੁਹਾਡੇ ਸਿਪਾਹੀ ਨੇ ਹੀ ਚੋਰੀ ਕਰਵਾਈ ਹੈ ਕਿਉਂਕਿ ਓਹ ਬੀ ਨਜਰ ਨਹੀਂ ਆਉਂਦਾ। ਹੁਣ ਦਸੋ ਮੈਂ ਇਸ ਲਖਾਂ ਰੁਪਏ ਦੀ ਚੋਰੀ ਦੀ ਨਾਲਿਸ਼ ਕਿਸਤੇ ਕਰਾਂ ?

ਤਾਰਾ ਸਿੰਘ ਦੀਆਂ ਗਲਾਂ ਨਾਲ ਜਮਾਦਾਰ ਦੀ ਹੋਸ਼ ਉਡ

Punjab Research Institute. Digitized by eGangotri

ਗਈ ਉਸਨੇ ਆਪਣੀ ਅਖੀਂ ਓਹ ਟੁਟੇ ਹੋਏ ਸੰਦੂਕ ਵੇਖ ਲਏ ਤੇ ਜਦ ਢੂੰਡ ਕਰਨ ਤੇ ਭੀ ਓਹ ਪਹਿਰੇਦਾਰ ਨਜਰ ਨਾ ਆਯਾ ਤਾਂ ਉਸਨੇ ਬਾਕੀ ਸਿਪਾਹੀਆਂ ਨੂੰ ਫਾਟਕ ਤੇ ਹੁਸ਼ਿਆਰ ਰਹਿਣ ਦੀ ਤਾਕੀਦ ਕੀਤੀ ਪਰ ਓਸਨੂੰ ਇਸ ਗਲ ਦਾ ਬੜਾ ਦੁਖ ਸੀ ਕਿ ਮੈਂ ਇਕ ਆਦਮੀ ਨੂੰ ਏਥੋਂ ਕਿਉਂ ਨਿਕਲਨ ਦਿਤਾ। ਸੋ ਓਸਨੇ ਉਸਨੂੰ ਫੜਨ ਲਈ ਆਦਮੀ ਭੇਜ ਦਿਤੇ ਤੇ ਤਾਰਾ ਸਿੰਘ ਨੂੰ ਕਿਹਾ ਕਿ ਮੈਂ ਇਸ ਚੋਰੀ ਦੀ ਖਬਰ ਦੇਣ ਲਈ ਰਾਜ ਦੀਵਾਨ ਪਾਸ ਜਾਂਦਾ ਹਾਂ।

ਤਾਰਾ—ਤੁਸੀ ਭਾਵੇਂ ਕਿਤੇ ਜਾਵੋ ਸਾਡੀ ਚੋਰੀ ਤਾਂ ਹੋਗਈ, ਸੋ ਮੈਂ ਭੀ ਆਪਣੇ ਮਾਲਕ ਪਾਸ ਖਬਰ ਪੁਚਾਉਣ ਜਾਂਦਾ ਹਾਂ।

ਜਮਾਦਾਰ—(ਹੈਰਾਨ ਹੋਕੇ)ਕੀ ਆਪ ਮਾਲਕ ਨਹੀਂ ਹੋ ?

ਤਾਰਾ—ਨਹੀਂ ਮੈਂ ਤਾਂ ਗੁਮਾਸ਼ਤਾ ਹਾਂ, ਮੈਨੂੰ ਇਸ ਗਲਦਾ ਬੜਾ ਰੰਜ ਹੈ ਕਿ ਤੁਸਾਂ ਸਾਥੋਂ ਬਿਨਾਂ ਪੁਛੇ ਫਾਟਕ ਖੋਲ ਦਿਤਾ ਤੇ ਚੋਰ ਨੂੰ ਬਾਹਰ ਜਾਣ ਦੀ ਆਗਿਆ ਦੇ ਦਿਤੀ ਤੇ ਉਂਵ ਤੁਸੀ ਇਕਰਾਰ ਕਰ ਚੁਕੇ ਸੀ ਕਿ ਤੁਹਾਥੋਂ ਪੁਛੇ ਬਿਨਾਂ ਬੂਹਾ ਨਹੀਂ ਖੋਲਾਂਗਾ ਤੇ ਏਸੇ ਵਾਸਤੇ ਮੈਂ ਆਪਣੇ ਖੀਸੇ ਦੀਆਂ ਮੋਹਰਾਂ ਤੁਹਾਡੇ ਖੀਸੇ ਵਿਚ ਪਾ ਦਿਤੀਆਂ ਪਰ ਸ਼ੋਕ ! ਮੈਨੂੰ ਇਸ ਗਲ ਦਾ ਪਤਾ ਨਹੀਂ ਸੀ ਕਿ ਤੁਹਾਨੂੰ ਏਤਨਾ ਲਾਲਚ ਹੈ ਕਿ ਸਾਡੀ ਚੋਰੀ ਕਰਵਾਕੇ ਚੋਰ ਤੋਂ ਵਢੀ ਲੈਕੇ ਬਾਹਰ ਨਿਕਲ ਜਾਣ ਦੇਵੋਗੇ, ਮੈਨੂੰ ਇਸ ਗਲ ਦਾ ਪਤਾ ਨਹੀਂ ਸੀ ਕਿ ਇਸ ਸਰਾਂ ਦੇ ਪਹਿਰੇਦਾਰ ਇਸਤਰਾਂ ਠਗਦੇ ਹਨ ਨਹੀਂ ਤਾਂ ਮੈਂ ਕਦੇ ਬੁਕਣ ਭੀਨਾ ਆਉਂਦਾ।

ਤਾਰਾ ਸਿੰਘ ਨੇ ਧਮਕੀ ਵਾਂਗ ਇਹ ਗਲਾਂ ਜਮਾਦਾਰ ਨੂੰ

CC-0. Kashmir Research Institute. Digitized by eGangotri

ਕਹੀਆਂ ਓਹ ਡਰ ਗਿਆ ਤੇ ਸੋਚਣ ਲਗਾ ਕਿ ਮੈਂ ਐਵੇਂ ਉਸ ਆਦਮੀ ਨੂੰ ਫਾਟਕ ਖੋਹਲਕੇ ਕੱਢ ਦਿਤਾ ਜੇ ਮੈਂ ਨਾ ਜਾਣ ਦੇਂਦਾ ਤਾਂ ਜਰੂਰ ਇਸਦਾ ਮਾਲ ਸਰਾਂ ਦੇ ਅੰਦਰੋਂ ਹੀ ਨਿਕਲ ਆਉਂਦਾ ਹੁਣ ਤਾਂ ਜਰੂਰ ਮੈਂ ਦੋਖੀ ਸਿਧ ਹੋਵਾਂਗਾ, ਕੋਈ ਅਚੰਭਾ ਨਹੀਂ ਕਿ ਇਸ ਸੌਦਾਗਰ ਦੀਆਂ ਗਲਾਂ ਤੇ ਨਿਸਚਾ ਕਰਕੇ ਦੀਵਾਨ ਸਾਹਿਬ ਨੂੰ ਭੀ ਮੇਰੇ ਤੇ ਸੰਦੇਹ ਹੋ ਜਾਵੇ ਕਿ ਜਮਾਦਾਰ ਨੇ ਵਢੀ ਖਾਧੀ ਹੈ ਜੇ ਇਹ ਗਲ ਹੋਈ ਤਾਂ ਮੈਂ ਕਿਤੋਂ ਦਾ ਨਾ ਰਹਾਂਗਾ ਮੇਰੀ ਬੜੀ ਦੁਰਗਤ ਹੋਵੇਗੀ ! ਚੋਰੀ ਭੀ ਕੋਈ ਅਜੇਹੀ ਨਹੀਂ ਕਿ ਜਿਸਨੂੰ ਮੈਂ ਆਪਣੇ ਪਲਿਓਂ ਪੂਰਾ ਕਰ ਦੇਵਾਂ। ਏਹੋ ਜੇਹੀਆਂ ਗਲਾਂ ਸੋਚਦ ੨ ਜਮਾਦਾਰ ਬਹੁਤ ਘਬਰਾ ਗਿਆ ਤੇ ਬੜੀ ਨਰਮੀ ਨਾਲ ਤਾਰਾ ਸਿੰਘ ਨੂੰ ਆਖਣ ਲਗਾ ਕਿ ਮੈਥੋਂ ਬੜੀ ਭੁਲ ਹੋਗਈ ਪਰ ਮੈਂ ਆਪ ਪ੍ਰਣ ਕਰਦਾ ਹਾਂ ਕਿ ਉਸ ਚੋਰ ਨੂੰ ਜੋ ਮੈਨੂੰ ਧੋਖਾ ਦੇਕੇ ਨਿਕਲ ਗਿਆ ਹੈ ਜਰੂਰ ਫੜ ਲਵਾਂਗਾ ਪਰ ਮੇਰਾ ਜੀਵਣ ਆਪਦੇ ਹਥ ਹੈ ਜੇ ਆਪ ਮੇਰੇ ਤੇ ਦਇਆ ਕਰਕੇ ਮੇਰੇ ਫਾਟਕ ਖੋਹਲਣ ਵਾਲੇ ਅਪਰਾਧ ਨੂੰ ਖਿਮਾ ਕਰੋਗੇ ਤਾਂ ਮੇਰੀ ਜਾਨ ਬਚ ਜਾਵੇਗੀ ਨਹੀਂ ਤਾਂ ਰਾਜਾ ਸਾਹਿਬ ਮੈਨੂੰ ਫਾਂਸੀ ਦੇ ਦੇਣਗੇ ਤੇ ਆਪਨੂੰ ਕੁਛ ਲਾਭ ਨਹੀਂ ਹੋਵੇਗਾ। ਮੈਂ ਸੌਂਹ ਖਾਕੇ ਆਖਦ ਹਾਂ ਕਿ ਮੈਂ ਇਕ ਕੋਡੀ ਭੀ ਵਢੀ ਨਹੀਂ ਲਈ, ਮੈਨੂੰ ਉਸ ਦੁਸ਼ਟ ਨੇ ਬੜਾ ਧੋਖਾ ਦਿਤਾ ਹੈ ਪਰ ਮੈਂ ਓਸਨੂੰ ਜਰੂਰ ਫੜਕੇ ਆਪਦੀ ਚੋਰੀ ਕਢਵਾ ਦੇਵਾਂਗਾ ਜੇ ਆਪ ਨੂੰ ਮੇਰੇ ਤੇ ਕੁਛ ਸੰਦੇਹ ਹੋਵੇ ਤਾਂ ਮੇਰੀ ਕੋਠੜੀ ਦੀ ਤਲਾਸ਼ੀ ਲੈ ਲਵੋ ਜੋ ਕੁਛ ਨਿਕਲੇ ਓਹ ਭਾਵੇਂ ਮੇਰਾ ਹੇ ਤੇ ਭਾਵੇਂ ਆਪਦਾ ਦਿਤਾ ਹੋਇਆ ਸੋ ਸਭ ਲੈ

Kalsi Research Institute, Digitized by eGangotri

ਲਵੋ, ਮੇਰੀ ਜਾਨ ਕਿਵੇਂ ਬਚਾਓ। ਗਲ ਕੀ ਜਮਾਦਾਰ ਨੇ ਤਾਰਾ ਸਿੰਘ ਦੀ ਬੜੀ ਮਿੰਨਤ ਕੀਤੀ ਤੇ ਇਤਨੇ ਤਰਲੇ ਕੀਤੇ ਕਿ ਤਾਰਾ ਸਿੰਘ ਦਾ ਮਨ ਕੰਬ ਗਿਆ ਪੰਤੂ ਤਾਰਾ ਸਿੰਘ ਨੇ ਭੀ ਆਪਣਾ ਕੰਮ ਕਢਣਾ ਸੀ ਇਸ ਲਈ ਓਸਨੇ ਬਹਾਨੇ ਨਾਲ ਜਮਾਦਾਰ ਨੂੰ ਖਿਮਾ ਦੇਕੇ ਕਿਹਾ ਹਛਾ ਇਹ ਤਾਂ ਮੈਂ ਖਿਮਾ ਕਰਦਾ ਹਾਂ ਪਰ ਹੁਣ ਜੋ ਕੁਛ ਮੈਂ ਕਹਿੰਦਾ ਹਾਂ ਉਸਨੂੰ ਬੜੇ ਧਿਆਨ ਨਾਲ ਸੁਣੋ ਜੇ ਇਸ ਵਿਚ ਕੋਈ ਕਸਰ ਰਹਿ ਗਈ ਤਾਂ ਫੇਰ ਤੁਹਾਡੇ ਵਾਸਤੇ ਹਛਾ ਨਹੀਂ ਹੋਵੇਗਾ।

ਜਮਾਦਾਰ—ਜੀ ਨਹੀਂ ਨਹੀਂ ਜੋ ਕੁਛ ਆਪ ਕਹੋਗੇ ਮੈਂ ਜੀ ਜਾਨ ਨਾਲ ਸਿਰ ਮਥੇ ਤੇ ਮੰਨਾਂਗਾ ਕੀ ਆਗਜ਼ਾ ਹੈ ?

ਤਾਰਾ—ਇਕ ਤਾਂ ਮੈਂ ਆਪਣੇ ਮੂੰਹੋਂ ਕਦੇ ਝੂਠ ਨਹੀਂ ਬੋਲਾਂਗਾ।

ਜਮਾਦਾਰ—(ਕੰਬਕੇ) ਫੇਰ ਮੇਰੀ ਜਾਨ ਕਿਸਤਰਾਂ ਬਚੇਗੀ?

ਤਾਰਾ—ਤੂੰ ਮੇਰੀ ਗਲ ਤਾਂ ਪੂਰੀ ਹੋ ਲੈਣ ਦੇਹ। ਦੂਸਰੇ ਮੈਂ ਏਥੋਂ ਬਹੁਤ ਛੇਤੀ ਜਾਣਾ ਚਾਹੁੰਦਾ ਹਾਂ ਇਸ ਵਾਸਤੇ ਮੈਂ ਆਪਣੇ ਇਨਾਂ ਦੋਹਾਂ ਸਾਥੀਆਂ ਨੂੰ (ਸ਼ਾਗਿਰਦਾਂ ਨੂੰ) ਛਡ ਜਾਂਦਾ ਹਾਂ ਜਦ ਚੋਰ ਨੂੰ ਫੜਕੇ ਆਪਣੇ ਰਾਜ ਦੀਵਾਨ ਪਾਸ ਜਾਓ ਤਾਂ ਇਨਾਂ ਨੂੰ ਨਾਲ ਲੈ ਜਾਓ ਇਹ ਦੋਵੇਂ ਆਪਣੇ ਆਪਨੂੰ ਮੇਰਾ ਨੌਕਰ ਕਹਿਣਗੇ ਤੇ ਚੋਰੀ ਦੀਆਂ ਚੀਜਾਂ ਨੂੰ ਚੰਗੀ ਤਰਾਂ ਪਛਦਾ ਲੈਣਗੇ ਤੇ ਚੋਰੀ ਦੇ ਵੇਲੇ ਮੇਰਾ ਏਥੇ ਹੋਣਾ ਤੇ ਤੇਰਾ ਫਾਟਕ ਨਾ ਖੋਹਲਣਾ ਭੀ ਨਾ ਦੱਸਣਗੇ ਤੂੰ ਭੀ ਨਾ ਦੱਸੀਂ ਕਿ ਸੌਦਾਗਰ ਦਾ ਗੁਮਾਸ਼ਤਾ ਏਥੇ ਹੈ। ਇਹ ਦੋਵੇਂ ਆਦਮੀ ਆਪਣਾ ਕੰਮ ਚੰਗੀਤਰਾਂ

CC-0. Kashmir Research Institute. Digitized by eGangotri

ਕਰ ਲੈਣਗੇ। ਹਾਂ ਇਕ ਗਲ ਕਹਿਣੀ ਭੁਲ ਗਿਆ ਹਾਂ ਇਸ ਸਰਾਂ ਦੇ ਅੰਦਰ ਜਿਤਨੇ ਆਦਮੀ ਹਨ ਸਭ ਦੀ ਤਲਾਸ਼ੀ ਲੈ ਲੈਣੀ ਚਾਹੀਦੀ ਹੈ।

ਜਮਾਦਾਰ—(ਮਨ ਵਿਚ ਪ੍ਰਸੰਨ ਹੋਕੇ) ਇਨਾਂ ਸਭਨਾਂ ਦੀ ਤਲਾਸ਼ੀ ਲੈ ਲਈ ਜਾਵੇਗੀ ਅਰ ਹੋਰ ਜੋ ਕੁਛ ਆਪਨੇ ਕਿਹਾ ਹੈ ਓਹੋ ਕੀਤਾ ਜਾਵਗਾ ਆਪ ਆਪਣਾ ਹਰਜ ਨਾ ਕਰੋ ਜਾਓ ਮੈਂ ਏਥੇ ਸਭ ਕੁਛ ਠੀਕ ਕਰ ਲਵਾਂਗਾ।

ਤਾਰਾ ਸਿੰਘ (ਸੌਦਾਗਰ) ਚਲਾ ਜਾਵੇਗਾ, ਇਹ ਸੁਣਕੇ ਜਮਾਦਾਰ ਬਹੁਤ ਪ੍ਰਸੰਨ ਹੋਯਾ ਕਿਉਂਕਿ ਉਸਦੇ ਹੋਣ ਨਾਲ ਆਪਣਾ ਦੋਸ਼ ਪ੍ਰਗਟ ਹੋਣ ਦਾ ਡਰ ਸੀ।

ਜਮਾਦਾਰ ਨਾਲ ਗਲ ਬਾਤ ਕਰਕੇ ਤਾਰਾ ਸਿੰਘ ਆਪਣੇ ਸ਼ਾਗਿਰਦਾਂ ਨੂੰ ਇਕਾਂਤ ਵਿਚ ਲੈਗਿਆ ਤੇ ਕਈ ਪਰਕਾਰ ਦੀਆਂ ਗਲਾਂ ਸਮਝਾਉਣ ਦੇ ਪਿਛੋਂ ਕਿਹਾ:--ਤੁਸਾਂ ਮੇਰੇਚਲੇ ਜਾਣ ਕਰਕੇ ਘਬਰਾਉਣਾ ਨਹੀਂ ਤੇ ਹਰ ਵੇਲੇ ਮੈਨੂੰ ਆਪਣੇ ਪਾਸ ਸਮਝਣਾ। ਇਨਾਂ ਗਲਾਂ ਤੋਂ ਉਪ੍ਰੰਤ ਤਾਰਾ ਸਿੰਘ ਇਕੱਲਾਹੀਓਥੋਂ ਤੁਰ ਪਿਆ।

ਤੀਸਰਾ ਕਾਂਡ

ਤਾਰਾ ਸਿੰਘ ਦੇ ਜਾਣਦੇ ਪਿਛੋਂ ਸਰਾਂ ਭਰ ਵਿਚ ਇਸ ਚੋਰੀ ਦੀ ਖਬਰ ਖਿੰਡ ਗਈ, ਜਿਤਨੇ ਮੁਸਾਫਰ ਓਥੇ ਉਤਰੇ ਹੋਏ ਸਨ ਸਭ ਰੋਕੇ ਗਏ, ਰਾਜ ਦੀਵਾਨ ਨੂੰ ਭੀ ਖਬਰ ਹੋਗਈ ਤੇ ਓਹ ਬਹੁਤ ਸਾਰੇ ਸਿਪਾਹੀਆਂ ਨੂੰ ਨਾਲ ਲੈਕੇ ਆ ਪਹੁੰਚਾ। ਚੌਹੀਂ ਪਾਸੀਂ ਰੌਲਾ ਪੈਗਿਆ ਤੇ ਤਲਾਸ਼ੀਆਂ ਹੋਣ ਲਗਪਈਆਂ ਤੇ ਪੁਛ

CC-0. Kashmir Research Institute. Digitized by eGangotri

ਗਿਛ ਹੋਣ ਲਗ ਪਈ। ਸਭਨਾ ਨੂੰ ਨਿਸਚਾ ਹੋਗਿਆ ਕਿ ਉਸਦੇ ਬਿਨਾਂ ਹੋਰ ਕੋਈ ਚੋਰ ਨਹੀਂ ਹੈ ਜੋ ਰਾਤ ਨਹਿੰਦਿਆਂ ਹੀ ਫਾਟਕ ਖੁਲਵਾਕੇ ਨਿਕਲ ਗਿਆ ਹੈ। ਪਹਿਰ ਵਾਲੇ ਸਿਪਾਹੀ ਦੇ ਗੁੰਮ ਹੋਜਾਣ ਕਰਕੇ ਹੋਰ ਭੀ ਹੈਰਾਨੀ ਹੋ ਰਹੀ ਸੀ। ਚੋਰ ਨੂੰ ਫੜਨ ਲਈ ਕਈ ਸਿਪਾਹੀ ਗਏ ਹੋਏ ਸਨ ਪਰ ਦੀਵਾਨ ਸਾਹਿਬ ਦੀ ਆਗਿਆ ਨਾਲ ਹੋਰ ਭੀ ਸਿਪਾਹੀ ਭੇਜੇ ਗਏ ਜਿਸਦਾ ਸਿਟਾ ਇਹ ਨਿਕਲਿਆ ਕਿ ਦੋ ਪਹਿਰ ਤੋਂ ਪੈਹਲਾਂ ੨ ਹੀ ਨਾਨਕ ਪ੍ਰਹਾਦ ਫੜੇ ਗਏ ਤੇ ਸਿਪਾਹੀਆਂ ਦੇ ਨਾਲ ਸਰਾਂ ਵਿਚ ਆ ਪਹੁੰਚ ਜੋ ਆਪਣੀ ਸਮਝ ਵਿਚ ਤਾਰਾ ਸਿੰਘ ਫੜਕੇ ਲੈ ਗਿਆ ਸੀ ਤੇ ਅਜੇ ਤਕ ਓਸਦਾ ਮੂੰਹ ਧੋਕੇ ਭੀ ਨਹੀਂ ਦੇਖ ਸਕਿਆ ਸੀ। ਪੰਤੂ ਉਸਨੂੰ ਅਚੰਭਾ ਇਸ ਗਲ ਦਾ ਸੀ ਕਿ ਮੈਨੂੰ ਚੋਰੀ ਦੇ ਅਪਰਾਧ ਵਿਚ ਫੜਿਆ ਗਿਆ ਹੈ।

ਦੀਵਾਨ ਸਾਹਿਬ ਅਜੇ ਤਕ ਸਰਾਂ ਦੇ ਅੰਦਰ ਸਨ ਨਾਨਕ ਦੇ ਆਉਂਦਿਆਂ ਹੀ ਸਭ ਮੁਸਾਫਰ ਓਥੇ ਕਠੇ ਹੋਕ ਨਾਨਕ ਨੂੰ ਗਾਲਾਂ ਕਢਣ ਲਗ ਪਏ। ਤਾਰਾ ਸਿੰਘ ਵਾਲ ਕਮਰੇ ਵਿਚ ਹੀ ਦੀਵਾਨ ਸਾਹਿਬ ਬੈਠੇ ਹੋਏ ਸਨ ਤੇ ਪਾਸ ਹੀ ਤਾਰਾ ਸਿੰਘ ਦੇ ਦੋਵੇਂ ਸ਼ਾਗਿਰਦ ਆਪਣੀ ਅਸਲੀ ਸੂਰਤ ਵਿਚ ਬੈਠੇ ਹੋਏ ਸਨ। ਨਾਨਕ ਨੂੰ ਦੇਖਕੇ ਦੀਵਾਨ ਸਾਹਿਬ ਗਰਜਕੇ ਬੋਲੇ ਕਿਉਂ ਓਏ ਤੇਰਾ ਇਤਨਾ ਹੌਸਲਾ ਕਿ ਸਾਡੀ ਸਰਾਂ ਵਿਚ ਆਕੇ ਚੋਰੀ ਕਰ ਜਾਂਵੇ।

ਨਾਨਕ-(ਆਪਣੇ ਆਪਨੂੰ ਫੰਸਿਆ ਹੋਇਆ ਵੇਖਕੇ) ਮੇਰੇ ਤੇ ਚੋਰੀ ਦਾ ਅਪਰਾਧ ਕਿਸੇਤਰਾਂ ਨਹੀਂ ਲਗ ਸਕਦਾ ਪਹਿਲਾਂ ਮੈਨੂੰ ਇਹ ਪਤਾ ਲਗਣਾ ਚਾਹੀਦਾ ਹੈ ਕਿ ਚੋਰੀ ਕਿਸਦੀ ਹੋਈ ਹੈ

CC-0. Kashmir Research Institute. Digitized by eGangotri

ਤੇ ਮੇਰੇ ਤੇ ਚੋਰੀ ਦਾ ਕੋਣ ਅਪ੍ਰਾਧ ਲਾਉਂਦਾ ਹੈ ?

ਦੀਵਾਨ--(ਤਾਰਾ ਸਿੰਘ ਦੇ ਦੋਹਾਂ ਸ਼ਾਗਿਰਦਾਂ ਵਲ ਸੈਨਤ ਕਰਕੇ) ਇਨਾਂ ਦਾ ਮਾਲ ਚੋਰੀ ਗਿਆ ਹੈ ਤ ਇਹ ਦੋਵੇਂ ਚੋਰ ਆਖਦੇ ਹਨ।

ਨਾਨਕ—ਝੂਠ ਓੱਕਾ ਹੀ ਝੂਠ!

ਤਾਰਾ ਦਾ ਇਕ ਚੇਲਾ--(ਦੀਵਾਨ ਨੂੰ) ਜੇ ਹਰਜ ਨਾ ਹੋਵੇ ਤਾਂ ਪਹਿਲਾਂ ਏਸਦਾ ਮੂੰਹ ਧੁਵਾ ਲਿਆ ਜਾਵੇ।

ਦੀਵਾਨ--ਕੀ ਤੁਹਾਨੂੰ ਕੁਛ ਹੋਰ ਭੀ ਭਰਮ ਹੈ ? ਹਛਾ (ਜਮਾਦਾਰ ਨੂੰ) ਪਾਣੀ ਮੰਗਵਾਕੇ ਏਸਦਾ ਮੂੰਹ ਧੁਵਾ ਦੇਵੋ।

ਜਮਾਦਾਰ--ਜੋ ਹੁਕਮ।

ਨਾਨਕ—ਮੂੰਹ ਧੁਵਾਕੇ ਕੀ ਕਰੋਗੇ ? ਮੈਂ ਤਾਂ ਏਯਾਰ ਹਾਂ ਤੇ ਏਯਾਰਾਂ ਦੀ ਸੂਰਤ ਹਰ ਵੇਲੇ ਬਦਲੀ ਹੋਈ ਹੁੰਦੀ ਹੈ ਖਾਸ ਕਰਕੇ ਸਫਰ ਵਿਚ।

ਦੀਵਾਨ--ਤੂੰ ਏਯਾਰ ਹੈਂ ? ਏਯਾਰ ਲੋਕ ਚੋਰੀ ਭੀ ਕਰਦੇ ਹਨ ?

ਨਾਨਕ—ਜੀ ਮੈਂ ਕਹਿ ਚੁਕਾ ਹਾਂ ਕਿ ਚੋਰੀ ਦਾ ਦੋਸ਼ ਮੇਰੇ ਤੇ ਨਹੀਂ ਲਗ ਸਕਦਾ।

ਤਾਰਾ ਦਾ ਚੇਲਾ—ਚੋਰੀ ਤਾਂ ਸਿਧ ਹੋ ਹੀ ਜਾਵੇਗੀ ਜਰਾ ਤਲਾਸ਼ੀ ਤਾਂ ਹੋ ਲੈਣ ਦੇਹ (ਦੀਵਾਨ ਨੂੰ) ਤਾਂ ਜੀ ਪਾਣੀ ਮੰਗਵਾਕੇ ਇਸਦਾ ਮੂੰਹ ਧੁਵਾਓ।

ਨਾਨਕ ਦਾ ਮੂੰਹ ਜਮਾਦਾਰ ਨੇ ਧੁਵਾ ਦਿਤਾ ਉਪੰਤ ਨਾਨਕ ਨੇ ਕਿਹਾ ਮੈਂ ਤਾਂ ਪਹਿਲੇ ਹੀ ਕਹਿ ਚੁਕਾ ਹਾਂ ਕਿ ਏਯਾਰਾਂ ਦੀ

Digitized by eGangotri

ਸੂਰਤ ਬਦਲੀ ਹੋਈ ਹੁੰਦੀ ਹੈ ਤੇ ਮੈਂ ਭੀ ਏਯਾਰ ਹਾਂ।

ਦੀਵਾਨ-ਹਛਾ ਹੁਣ ਤੇਰੀ ਤਲਾਸ਼ੀ ਲਈ ਜਾਵੇਗੀ।

ਨਾਨਕ ਤਲਾਸ਼ੀ ਦੇਣ ਵਿਚ ਮੈਨੂੰ ਕੋਈ ਨਾਂਹ ਨਹੀਂ ਪਰ ਪਹਿਲਾਂ ਮੈਨੂੰ ਉਸ ਮਾਲ ਦੀ ਸੂਚੀ ਮਿਲ ਜਾਣੀ ਚਾਹੀਦੀ ਹੈ ਕਿਉਂਕਿ ਕਿਤੇ ਅਜੇਹਾ ਨਾ ਹੋਵੇ ਕਿ ਮੇਰੀਆਂ ਸਾਰੀਆਂ ਚੀਜਾਂ ਨੂੰ ਇਹ ਨਕਲੀ ਸੌਦਾਗਰ ਸਾਹਿਬ ਆਪਣੀਆਂ ਬਣਾ ਲੈਣ ਫੇਰ ਅਚੰਭਾ ਨਹੀਂ ਜੋ ਮੈਂ ਆਪਣੀਆਂ ਚੀਜਾਂ ਨਾਲ ਚੋਰ ਬਣ ਜਾਵਾਂ।

ਦੀਵਾਨ-ਸੂਚੀ ਜਮਾਦਾਰ ਦੇ ਪਾਸ ਹੈ ਤੇਰੀਆਂ ਚੀਜਾਂ ਨਾਲ ਤੈਨੂੰ ਕੋਈ ਚੋਰ ਨਹੀਂ ਬਣਾ ਸਕਦਾ। ਹਾਂ ਤੂੰ ਇਨਾਂ ਨੂੰ ਨਕਲੀ ਸੌਦਾਗਰ ਕਿਉਂ ਕਿਹਾ ਹੈ?

ਨਾਨਕ-ਇਸ ਲਈ ਕਿ ਇਹ ਦੋਵੇਂ ਭੀ ਮੇਰੇ ਵਾਂਗ ਏਯਾਰ ਹਨ ਤੇ ਮੈਂ ਏਨਾਂ ਦੇ ਮਾਲਕ ਤਾਰਾ ਸਿੰਘ ਨੂੰ ਫੜਿਆ ਹੈ ਕੋਈ ਵੈਰ ਨਾਲ ਨਹੀਂ ਸਗੋਂ ਆਪਸ ਦੇ ਹਾਸੇ ਠੱਠੇ ਨਾਲ। ਕਿਉਂਕਿ ਅਸੀ ਇਕੋ ਦੇ ਹੀ ਅਰਥਾਤ ਰਾਜਾ ਬੀਰੇਂਦਰ ਸਿੰਘ ਦੇ ਨੌਕਰ ਹਾਂ ਆਪਸ ਵਿਚ ਧੋਖਾ ਦੇਣ ਦੀ ਸ਼ਰਤ ਲਗ ਗਈ ਸੀ।

ਰਾਜਾ ਬੀਰੇਂਦਰ ਸਿੰਘ ਦਾ ਨਾਉਂ ਸੁਣਦਿਆਂ ਹੀ ਦੀਵਾਨ ਸਾਹਿਬ ਦੇ ਕੰਨ ਖੜੇ ਹੋਗਏ ਤੇ ਹੈਰਾਨ ਹੋਕੇ ਤਾਰਾ ਸਿੰਘ ਦੇ ਸ਼ਾਗਿਰਦਾਂ ਵਲ ਦੇਖਣ ਲਗ ਪਏ। ਤਾਰਾ ਸਿੰਘ ਦੇ ਇਕ ਸ਼ਾਗਿਰਦ ਨੇ ਕਿਹਾ ਕਿ ਏਸਨੇ ਤਾਂ ਝੂਠ ਬੋਲਣ ਤੇ ਲਕ ਬੰਨ ਲਿਆ ਹੈ, ਇਹ ਭਾਵੇਂ ਰਾਜਾ ਬੀਰੇਂਦਰ ਸਿੰਘ ਦਾ ਏਯਾਰ ਹੋਵੇ ਪਰ ਅਸੀ ਤਾਂ ਏਯਾਰ ਨਹੀਂ ਹਾਂ ਤੇ ਨਾ ਕੋਈ ਸਾਡਾ ਮਾਲਕ ਸਾਡੇ ਨਾਲ ਸੀ ਜਿਸਨੂੰ ਇਸਨੇ ਫੜ ਲਿਆ ਹੋਵੇ, ਇਹ ਜੋ ਆਪਣੇ

CC-0. Kashmir Research Institute. Digitized by eGangotri

ਆਪਨੂ ਏਜ ਰ ਕਹਿੰਦਾ ਹੈ ਝੂਠ ਬੋਲਕੇ ਆਪਨੂੰ ਧੋਖਾ ਦੇਵੇ ਤਾਂ ਕੀ ਅਚੰਭਾ ਹੈ, ਇਸਦੇ ਸਚ ਝੂਠ ਦਾ ਪਤਾ ਹੁਣੇ ਲਗ ਜਾਵੇਗਾ ਜਦ ਇਸਦੀ ਤਲਾਸ਼ੀ ਲਈ ਜਾਵੇਗੀ ਦੂਸਰਾ ਇਸਤੋਂ ਏਜਾਰੀ ਦੀ ਸਨਦ ਮੰਗੀ ਜਾਵੇ ਜੋ ਨਿਯਮ ਅਨੁਸਾਰ ਰਾਜਾ ਬੀਰੇਂਦਰ ਸਿੰਘ ਤੋਂ ਇਸਨੂੰ ਮਿਲੀ ਹੋਵੇਗੀ।

ਦੀਵਾਨ--ਤੁਹਾਡਾ ਕਹਿਣਾ ਬਹੁਤ ਠੀਕ ਹੈ ਏਜਾਰਾਂ ਦੇ ਪਾਸ ਆਪਣੇ ਮਾਲਕ ਦੀ ਸਨਦ ਜਰੂਰ ਹੁੰਦੀ ਹੈ ਜੋ ਇਹ ਪ੍ਰਤਾਪੀ ਮਹਾਰਾਜ ਬੀਰੇਂਦਰ ਸਿੰਘ ਦਾ ਏਜਾਰ, ਹੋਵੇਗਾ ਤਾਂ ਇਸਦੇ ਪਾਸ ਭੀ ਜਰੂਰ ਸਨਦ ਹੋਵੇਗੀ ਤੇ ਤਲਾਸ਼ੀ ਲੈਣ ਨਾਲ ਪਤਾ ਲਗ ਜਾਵੇਗਾ ਕਿ ਜਿਸਨੂੰ ਇਸਨੇ ਫੜਿਆ ਹੈ ਓਹ ਕੌਣ ਹੈ,(ਨਾਨਕ ਨੂੰ) ਹਾਂ ਜੇ ਤੂੰ ਏਜਾਰ ਹੈਂ ਤਾਂ ਆਪਣੀ ਸਨਦ ਵਿਖਾ ਤੇ ਇਹ ਭੀ ਦਸ ਕਿ ਜੇ ਤੂੰ ਏਜਾਰ ਹੈਂ ਤਾਂ ਏਤਨੀ ਛੇਤੀ ਕਿਉਂ ਫੜਿਆ ਗਿਆ ਕਿਉਂਕਿ ਏਜਾਰ ਜਦ ਇਕ ਵਾਰੀ ਹਥੋਂ ਨਿਕਲ ਜਾਵੇ ਓਸਦਾ ਫੜਨਾ ਔਖਾ ਹੁੰਦਾ ਹੈ।

ਨਾਨਕ--ਮੈਂ ਕਦੇ ਫੜਿਆ ਨਾ ਜਾਂਦਾ ਪਰ ਸ਼ੋਕ ਮੈਨੂੰ ਇਸ ਗਲ ਦਾ ਪਤਾ ਨਹੀਂ ਸੀ ਕਿ ਤਾਰਾ ਸਿੰਘ ਨੂੰ ਮੇਰੀ ਪੂਰੀ ੨ ਖਬਰ ਹੈ ਤੇ ਉਹ ਮੇਰੇ ਵਲੋਂ ਹੁਸ਼ਿਆਰ ਹੈ ਤੇ ਓਸਨੇ ਮੈਨੂੰ ਫੜਾਉਣ ਦਾ ਪਹਿਲੇ ਹੀ ਪ੍ਰਬੰਧ ਕੀਤਾ ਹੋਇਆ ਹੈ।

ਦੀਵਾਨ--ਹਛਾ ਤੂੰ ਏਜਾਰੀ ਦੀ ਸਨਦ ਵਿਖਾ।

ਨਾਨਕ-(ਨਿਰੁਤਰ ਹੋਕੇ) ਸਨਦ ਤਾਂ ਮੇਰੇ ਪਾਸ ਨਹੀਂ ਅਜੇ ਮੈਨੂੰ ਮਿਲੀ ਹੀ ਨਹੀਂ।

ਤਾਰਾ ਸਿੰਘ ਦਾ ਚੇਲਾ-(ਦੀਵਾਨ ਨੂੰ) ਦੇਖੋ ਮੈਂ ਨਹੀਂ

CC-0. Panjab Digital Library Collection. Digitized by eGangotri

ਕਹਿੰਦਾ ਸੀ ਕਿ ਇਹ ਝੂਠਾ ਹੈ ?

ਦੀਵਾਨ–(ਕ੍ਰੋਧ ਨਾਲ) ਠੀਕ ਹੈ ਝੂਠ ਹੈ ਤੇ ਚੋਰ ਭੀ ਹੈ (ਜਮਾਦਾਰ ਨੂੰ) ਇਸਦੀ ਤਲਾਸ਼ੀ ਲਵੋ।

ਬਹੁਤ ਹਛਾ ਕਹਿਕੇ ਜਮਾਦਾਰ ਨੇ ਨਾਨਕ ਦੀ ਤਲਾਸ਼ੀ ਲੈਣੀ ਆਰੰਭ ਕੀਤੀ ਦੋ ਤਿੰਨ ਗੰਢਾਂ ਫੋਲਣ ਦੇ ਪਿਛੋਂ ਓਹ ਗੰਢ ਖੋਲੀ ਗਈ ਜਿਸ ਵਿਚ ਸਰਾਂ ਦਾ ਸਿਪਾਹੀ ਬਧਾ ਹੋਇਆ ਸੀ। ਨਾਨਕ ਨੇ ਉਸ ਬੇਹੋਸ਼ ਸਿਪਾਹੀ ਵਲ ਸੈਨਤ ਕਰਕੇ ਕਿਹਾ ਦੇਖੋ ਏਹ ਤਾਰਾ ਸਿੰਘ ਹੈ ਜੋ ਸੌਦਾਗਰ ਬਣਿਆ ਹੋਇਆ ਫਿਰ ਰਿਹਾ ਸੀ।

ਤਾਰਾ ਦਾ ਸ਼ਾਗਿਰਦ–(ਦੀਵਾਨ ਨੂੰ)ਇਹ ਭੀ ਝੂਠ ਹੈ ਜਰਾ ਇਸ ਬੇਹੋਸ਼ ਦਾ ਮੂੰਹ ਧੁਵਾਓ।

ਦੀਵਾਨ--ਹਾਂ ਮੇਰੀ ਭੀ ਏਹੋ ਮਰਜੀ ਹੈ (ਜਮਾਦਾਰ ਨੂੰ) ਇਸਦਾ ਮੂੰਹ ਧੋਕੇ ਸਾਫ ਕਰੋ।

ਨਾਨਕ--ਮੈਂ ਆਪ ਇਸਦਾ ਮੂੰਹ ਧੋ ਸੁਟਦਾ ਹਾਂ ਤੇ ਦੇਖਾ ਦੇਂਦਾ ਹਾਂ ਕਿ ਮੈਂ ਸੱਚਾ ਹਾਂ ਕਿ ਝੂਠਾ।

ਨਾਨਕ ਨੇ ਜਦ ਉਸ ਸਿਪਾਹੀ ਦਾ ਮੂੰਹ ਧੋਤਾ ਤਾਂ ਸ਼ੋਕ ਕਿ ਨਾਨਕ ਦੀ ਮੁਰਾਦ ਪੂਰੀ ਨਾ ਹੋਈ ਤੇ ਓਹ ਸਰਾਸਰ ਝੂਠਾ ਸਿਧ ਹੋਇਆ। ਆਪਣੇ ਸਿਪਾਹੀ ਨੂੰ ਇਸ ਦਸ਼ਾ ਵਿਚ ਵੇਖਕੇ ਦੀਵਾਨ ਨੂੰ ਤੇ ਜਮਾਦਾਰ ਨੂੰ ਕ੍ਰੋਧ ਚੜ ਗਿਆ ਤੇ ਜਮਾਦਾਰ ਨੇ ਬਿਨਾਂ ਕੁਛ ਸੋਚੇ ਵਿਚਾਰੇ ਇਕ ਲਤ ਨਾਨਕ ਦੇ ਲੱਕ ਵਿਚ ਮਾਰੀ ਜਿਸ ਨਾਲ ਓਹ ਮੂਧੇ ਮੂੰਹ ਜਾ ਪਿਆ ਪਰ ਬਹੁਤ ਛੇਤੀ ਉਠਕੇ ਜਮਾਦਾਰ ਨੂੰ ਮਾਰਨ ਲਈ ਤਿਆਰ ਹੋਗਿਆ ਨਾਨਕ ਦੇ

CC-0. Kashmir Research Institute. Digitized by eGangotri

ਹਥਿਆਰ ਪਹਿਲਾਂ ਹੀ ਖੋਹ ਲਏ ਗਏ ਸੀ ਜੇ ਇਸ ਵੇਲੇ ਉਸਦੇ ਪਾਸ ਕੋਈ ਹਥਿਆਰ ਹੁੰਦਾ ਤਾਂ ਜਰੂਰ ਜਮਾਦਾਰ ਨੂੰ ਮਾਰ ਸੁਟਦਾ। ਉਸਨੂੰ ਜੋਸ਼ ਆਇਆ ਵੇਖਕੇ ਸਭਨਾਂ ਨੂੰ ਕ੍ਰੋਧ ਚੜ੍ਹ ਆਇਆ। ਸਰਾਂ ਵਿਚ ਜਿਤਨੇ ਮੁਸਾਫਰ ਸਨ ਸਭ ਦੁਖੀ ਸਨ ਕਿਉਂਕਿ ਓਹ ਨਿਰ ਅਪਰਾਧ ਰੋਕ ਗਏ ਸਨ ਤੇ ਵਿਅਰਥ ਠਹਿਰਾਏ ਗਏ ਤੇ ਦੋਸੀ ਸਮਝੇ ਗਏ ਸਨ ਸੋ ਕਈ ਆਦਮੀ ਨਾਨਕ ਤੇ ਵਰ ਪਏ ਤੇ ਉਸਦੀ ਮਨਮੰਨੀ ਪੂਜਾ ਕਰਕੇ ਦੀਵਾਨ ਸਾਹਿਬ ਦੀ ਆਗਿਆ ਅਨੁਸਾਰ ਓਸਦੀਆਂ ਮੁਸ਼ਕਾਂ ਬੰਨ ਦਿਤੀਆਂ ਗਈਆਂ।

ਦੀਵਾਨ ਸਾਹਿਬ ਨੇ ਜਮਾਦਾਰ ਨੂੰ ਕਿਹਾ ਇਹ ਸ਼ੈਤਾਨ ਝੂਠਾ ਤੇ ਚੋਰ ਹੈ ਇਸਨੇ ਬਹੁਤ ਬੁਰਾ ਕੀਤਾ ਹੈ ਕਿ ਚੋਰੀ ਕਰਨ ਦੇ ਨਾਲ ਹੀ ਸਰਕਾਰੀ ਸਿਪਾਹੀ ਨੂੰ ਬੇਹੋਸ਼ ਕਰਕੇ ਲੈ ਗਿਆ ਹੈ ਇਹ ਝਗੜਾ ਛੇਤੀ ਮੁਕਣ ਵਾਲਾ ਨਹੀਂ ਹੈ ਇਸ ਲਈ ਨਾਨਕ ਤੇ ਉਸਦੇ ਸਾਥੀਆਂ ਨੂੰ ਹਵਾਲਾਤ ਵਿਚ ਬੰਦ ਕਰੋ ਤੇ ਇਸਦਾ ਸਾਮਾਨ ਕਿਸੇ ਕੋਠੜੀ ਵਿਚ ਬੰਦ ਕਰਕੇ ਕੁੰਜੀ ਮੈਨੂੰ ਦੇ ਦੇਵੋ ਤੇ ਸਰਾਂ ਦੇ ਸਭ ਮੁਸਾਫਰਾਂ ਨੂੰ ਛਡ ਦੇਵੋ (ਤਾਰਾ ਦੇ ਸ਼ਾਗਿਰਦਾਂ ਨੂੰ) ਕਿਉਂ ਜੀ ਹੁਣ ਮੁਸਾਫਰਾਂ ਨੂੰ ਰੋਕਣ ਦੀ ਤਾਂ ਕੋਈ ਲੋੜ ਨਹੀਂ ?

ਤਾਰਾ ਦਾ ਚੇਲਾ--ਜੀ ਨਹੀਂ, ਇਹ ਵਿਚਾਰੇ ਐਵੇਂ ਵਿਅਰਥ ਰੋਕੇ ਹੋਏ ਹਨ ਚੋਰੀ ਤਾਂ ਇਸੇ ਨੇ ਕੀਤੀ ਹੈ ਜੇ ਇਸਦੇ ਪਾਸੋਂ ਮਾਲ ਨਾ ਨਿਕਲੇਗਾ ਤਦ ਭੀ ਏਹੋ ਸਮਝਾਂਗੇ ਕਿ ਇਸਨੇ ਬਾਹਰ ਕਿਤੇ ਦਬ ਦਿਤਾ ਹੈ।

ਦੀਵਾਨ--ਠੀਕ ਹੈ (ਜਮਾਦਾਰ ਨੂੰ) ਜੋ ਕੰਮ ਕਿਹਾ ਗਿਆ

CC-0. Panjab Research Institute. Digitized by eGangotri

ਹੈ ਓਸਨੂੰ ਛੇਤੀ ਪੂਰਾ ਕਰੋ।

ਜਮਾਦਾਰ--ਬਹੁਤ ਹਛਾ।

ਇਕ ਅੱਖ ਦੇ ਫੋਰ ਵਿਚ ਸਾਰੀ ਸਰਾਂ ਖਾਲੀ ਹੋਗਈ ਨਾਨਕ ਹਵਾਲਾਤ ਵਿਚ ਭੇਜ ਦਿਤਾ ਗਿਆ ਤੇ ਉਸਦਾ ਸਾਮਾਨ ਇਕ ਕੋਠੜੀ ਵਿਚ ਰਖਕੇ ਕੁੰਜੀ ਦੀਵਾਨ ਸਾਹਿਬ ਨੂੰ ਦਿਤੀਗਈ ਉਸ ਵੇਲੇ ਤਾਰਾ ਸਿੰਘ ਦੇ ਸ਼ਾਗਿਰਦਾਂ ਨੇ ਦੀਵਾਨ ਸਾਹਿਬ ਨੂੰ ਕਿਹਾ ਕਿ ਇਸ ਦੁਸ਼ਟ ਦਾ ਨਿਬੇੜਾ ਇਕ ਦੋ ਦਿਨਾਂ ਵਿਚ ਨਹੀਂ ਮੁਕ ਸਕਦਾ ਇਸ ਵਾਸਤੇ ਅਸੀ ਲੋਕ ਚਾਹੁੰਦੇ ਹਾਂ ਕਿ ਏਥੋਂ ਜਾਕੇ ਇਸ ਗਲ ਦੀ ਖਬਰ ਆਪਣੇ ਮਾਲਕ ਨੂੰ ਦੇਵੀਏ ਤੇ ਓਨਾਂ ਨੂੰ ਸਰਕਾਰ ਪਾਸ ਲੈ ਆਈਏ ਜੇ ਅਸੀ ਅਜੇਹਾ ਨਾਂ ਕਰਾਂਗੇ ਤਾਂ ਮਾਲਕ ਵਲੋਂ ਅਸੀਂ ਝੂਠੇ ਹੋਵਾਂਗੇ ਜੇ ਆਪ ਚਾਹੋ ਤਾਂ ਜਮਾਨਤ ਵਿਚ ਸਾਡਾ ਮਾਲ ਅਸਬਾਬ ਰਖ ਸਕਦੇ ਹੋ।

ਦੀਵਾਨ--ਨਹੀਂ ਨਹੀਂ ਮਾਲ ਅਸਬਾਬ ਰਖਣ ਦੀ ਕੋਈ ਲੋੜ ਨਹੀਂ ਤੁਸੀ ਲੈ ਜਾਓ ਤੇ ਬੜੀ ਖੁਸ਼ੀ ਨਾਲ ਜਾਕੇ ਆਪਣੇ ਮਾਲਕ ਨੂੰ ਲੈ ਆਓ।

ਤਾਰਾ ਸਿੰਘ ਦੇ ਦੋਹਾਂ ਸ਼ਾਗਿਰਦਾਂ ਨੇ ਦੀਵਾਨ ਸਾਹਿਬ ਨੂੰ ਬੰਦਗੀ ਕੀਤੀ ਤੇ ਕਿਹਾ ਆਪਨੇ ਸਾਡੇ ਤੇ ਬੜੀ ਹੀ ਕ੍ਰਿਪਾ ਕੀਤੀ ਹੈ ਜੋ ਸਾਨੂੰ ਜਾਣਦੀ ਆਗਜਾ ਦੇ ਦਿਤੀ ਹੈ ਅਸੀ ਬਹੁਤ ਛੇਤੀ ਆਪਣੇ ਮਾਲਕ ਨੂੰ ਲੈਕੇ ਆ ਜਾਵਾਂਗੇ।

ਤਾਰਾ ਸਿੰਘ ਦੇ ਦੋਵੇਂ ਸ਼ਾਗਿਰਦ ਭੀ ਚਲੇ ਗਏ ਤੇਵਿਚਾਰੇ ਨਾਨਕ ਨੂੰ ਇਸ ਧੰਦੇ ਵਿਚ ਫਸਾ ਗਏ ਦੇਖੀਏ ਹੁਣ ਉਸਤੇ ਕੀ

CC-0. Kashmir Research Institute. Digitized by eGangotri

ਬਣਦੀ ਹੈ ਓਹ ਭੀ ਇਨਾਂ ਲੋਕਾਂ ਤੋਂ ਬਦਲਾ ਲਏ ਬਿਨਾਂ ਹਟਣ ਵਾਲਾ ਨਹੀਂ।

ਚੌਥਾ ਕਾਂਡ

ਭੈਰੋਂ ਸਿੰਘ ਦੇ ਜਾਣ ਦੇ ਪਿਛੋਂ ਬੂਹਾ ਬੰਦ ਹੋਜਾਣ ਕਰਕੇ ਦੋਹਾਂ ਕੁਮਾਰਾਂ ਨੂੰ ਹੈਰਾਨੀ ਹੀ ਨਹੀਂ ਹੋਈ ਸਗੋਂ ਓਨਾਂ ਨੂੰ ਭੈਰੋਂ ਸਿੰਘ ਦੀ ਚਿੰਤਾ ਲਗ ਗਈ। ਆਨੰਦ ਸਿੰਘ ਨੇ ਆਪਣੇ ਵਡੇ ਭਰਾ ਵਲ ਦੇਖਕੇ ਕਿਹਾ ਹੁਣ ਇਸ ਰਾਤ ਦੇ ਵੇਲੇ ਅਸੀ ਭੈਰੋਂ ਸਿੰਘ ਵਾਸਤੇ ਕੀ ਕਰ ਸਕਦੇ ਹਾਂ ?

ਇੰਦਰਜੀਤ--ਕੁਛ ਭੀ ਨਹੀਂ, ਪਰ ਭੈਰੋਂ ਸਿੰਘ ਦੇ ਪਾਸ ਤਲਿਸਮੀ ਖੰਜਰ ਹੈ ਓਹ ਝਟ ਪਟ ਕਿਸੇ ਦੇ ਕਾਬੂ ਨਹੀਂ ਆ ਸਕੇਗਾ।

ਆਨੰਦ--ਪਹਿਲਾਂ ਭੀ ਤਾਂ ਉਸਦੇ ਪਾਸ ਤਲਿਸਮੀ ਖੰਜਰ ਸੀ, ਸਗੋਂ ਏਯਾਰੀ ਦਾ ਬਟੂਆ ਭੀ ਸੀ ਤਦ ਉਸਨੇ ਕੀ ਕਰ ਲਿਆ ਸੀ ?

ਇੰਦਰਜੀਤ--ਠੀਕ ਹੈ ਪਰ ਤਲਿਸਮ ਦੇ ਅੰਦਰ ਸਭ ਤਰਾਂ ਬਚੇ ਰਹਿਣਾ ਭੀ ਕੋਈ ਸੌਖਾ ਕੰਮ ਨਹੀਂ ਹੈ ਪਰ _ਣ ਰਾਤ ਦੇ ਵੇਲੇ ਕੀ ਹੋ ਸਕਦਾ ਹੈ ?

ਆਨੰਦ--ਮੇਰੀ ਮਰਜੀ ਤਾਂ ਇਹ ਹੈ ਕਿ ਤਲਿਸਮੀ ਖੰਜਰ ਨਾਲ ਇਸ ਛੋਟੇ ਜੇਹੇ ਬੂਹੇ ਨੂੰ ਤੋੜਨ ਦਾ ਯਤਨ ਕੀਤਾ ਜਾਵੇ।

ਇੰਦਰਜੀਤ--ਚੰਗੀ ਗਲ ਹੈ ਯਤਨ ਕਰੋ।

ਆਨੰਦ ਸਿੰਘ ਨੇ ਤਲਿਸਮੀ ਖੰਜਰ ਦਾ ਵਾਰ ਉਸ ਬੂਹੇ ਉਤੇ

Research Institute. Digitized by eGangotri

ਕੀਤਾ ਪਰ ਕੁਛ ਨਾ ਸੋਰਿਆ ਲਾਚਾਰ ਹੋਕੇ ਦੋਵੇਂ ਭਰਾ ਉਸੇ ਦਲਾਨ ਵਿਚ ਆ ਬੈਠੇ ਤੇ ਗਲਾਂ ਕਰਨ ਲਗ ਪਏ।

ਰਾਤ ਭਰ ਗਲਾਂ ਕਰਨ ਤੇ ਆਪਣੇ ਪ੍ਰੇਮੀਆਂ ਦੀ ਯਾਦ ਵਿਚ ਹੀ ਕੁਮਾਰਾਂ ਨੇ ਬਿਤਾਈ ਪਹੁ ਫੁਟਣ ਤੇ ਉਠ ਖਲੋਤੇ ਤੇ ਨਹਿਰ ਦੇ ਕੰਢੇ ਆਕੇ ਹਥ ਮੂੰਹ ਧੋਕੇ ਉਪ੍ਰੰਤ ਜੰਗਲ ਜਾਕੇ ਨਿਤ ਕ੍ਰਿਯਾ ਤੋਂ ਵੇਹਲੇ ਹੋਕੇ ਬਾਗ ਵਿਚ ਫਿਰਨ ਤੁਰਨ ਲਗ ਪਏ ਤੇ ਕੁਛ ਚਿਰ ਪਿਛੋਂ ਉਸ ਮਕਾਨ ਦੇ ਹੇਠਾਂ ਪਹੁੰਚੇ ਜਿਸ ਵਿਚ ਰਾਤ ਤੂੰ ਭੈਰੋਂ ਸਿੰਘ ਨੇ ਕਈ ਆਦਮੀ ਦੇਖੇ ਸਨ।

ਇਸ ਮਕਾਨ ਦੀ ਹੇਠਲੀ ਮੰਜਲ ਵਿਚ ਕੋਈ ਬੂਹਾ ਨਹੀਂ ਸੀ ਬਾਗ ਦੇ ਸਾਹਮਣੀ ਕੰਧ ਬੜੇ ਚੀਕਣੇ ਸੰਗਮਰਮਰ ਦੀ ਬਣੀ ਹੋਈ ਸੀ ਅਰ ਵਿਚਕਾਰ ਚਾਰ ਹਥ ਚੌੜਾ ਤੇ ਦੋ ਹਥ ਲੰਮਾ ਕਾਲੇ ਪੱਥਰ ਦਾ ਟੁਕੜਾ ਲਗਾ ਹੋਇਆ ਸੀ ਉਸ ਕਾਲੇ ਪਥਰ ਵਿਚ ਹੇਠ ਲਿਖੇ ਛਤੀ ਅੱਖਰ ਮੋਟੇ ੨ ਉੱਕਰੇ ਹੋਏ ਸਨ ਕੁਮਾਰ ਉਨਾਂ ਅੱਖਰਾਂ ਨੂੰ ਬੜੇ ਧਿਆਨ ਨਾਲ ਦੇਖਕੇ ਸਮਝਣ ਦਾ ਯਤਨ ਕਰਨ ਲਗੇ। ਓਹ ਅੱਖਰ ਇਹ ਸਨ:-

ਨੇ	ਇ	ਤੋ	ਕੇ	ਸਮ	ਸਮੋਂ
ਹਿ	ਕੋ	ੜ	ਕੀ	ਸ	ਤਿ
ਸਮੇ	ਕਾ	ਸ	ਲਿ	ਹਿ	ਨ
ਯਾ	ਸੇ	ਨ	ਨ	ਟੂ	ਰ
ਯ	ਦ	ਲ	ਸੈ	ਜੋ	ਗੋ
ਰੋ	ਖ	ਹਾਂ	ਟੋਂ	ਕ	ਰੋ

ਦੋਕੁ ਘੜੀਆਂ ਧਿਆਨ ਨਾਲ ਸੋਚਣ ਦੇ ਉਪ੍ਰੰਤ ਕੌਰ

CC-0. Kashmir Research Institute. Digitized by eGangotri

ਇੰਦਰ ਸਿੰਘ ਨੇ ਇਸਦੇ ਅਰਥ ਸਮਝ ਲਏ ਤੇ ਫੇਰ ਆਨੰਦ ਸਿੰਘ ਨੂੰ ਭੀ ਸਮਝਾਇਆ ਉਪ੍ਰੰਤ ਦੋਹਾਂ ਭਰਾਵਾਂ ਨੇ ਜੋਰ ਨਾਲ ਉਸ ਪਥਰ ਨੂੰ ਦਬਿਆ ਤਾਂ ਓਹ ਅੰਦਰ ਨੂੰ ਧਸ ਗਿਆ ਤੇ ਧਰਤੀ ਦੇ ਨਾਲ ਬਰਾਬਰ ਹੋਗਿਆ ਤੇ ਅੰਦਰ ਜਾਣ ਲਈ ਬੂਹਾ ਨਜਰ ਆਇਆ ਪਰ ਅੰਦਰ ਬੜਾ ਹਨੇਰਾ ਸੀ । ਇੰਦਰਜੀਤ ਸਿੰਘ ਨੇ ਤਲਿਸਮੀ ਖੱਜਰ ਦਾ ਚਾਨਣ ਕਰਕੇ ਅਗੇ ੨ ਜਾਣ ਲਈ ਆਨੰਦ ਸਿੰਘ ਨੂੰ ਕਿਹਾ।

ਤਲਿਸਮੀ ਖੰਜਰ ਦਾ ਚਾਨਣ ਕਰਕੇ ਦੋਵੇਂ ਭਰਾ ਅੰਦਰ ਚਲੇ ਗਏ ਤੇ ਇਕ ਛੋਟੇ ਜੇਹੇ ਕਮਰੇ ਵਿਚ ਪਹੁੰਚੇ ਜਿਥੇ ਉਪਰਲੀ ਮਜਲ ਵਿਚ ਚੜਨ ਲਈ ਪੌੜੀਆਂ ਗੋਲ ਬਣੀਆਂ ਹੋਈਆਂ ਸਨ ਓਨਾ ਪੌੜੀਆਂ ਦੇ ਰਸਤੇ ਦੋਵੇਂ ਕੁਮਾਰ ਉਪਰ ਚੜ੍ਹ ਗਏ ਅਰ ਇਕ ਅਜੇਹੇ ਕਮਰੇ ਵਿਚ ਪਹੁੰਚੇ ਜਿਸਦੀ ਬਨਾਵਟ ਅਰਧ ਚੰਦ੍ਰਕਾਰ ਬਣੀ ਹੋਈ ਸੀ ਅਤੇ ਉਸਦੇ ਵਿਚ ਪੰਜ ਬੂਹੇ ਸਨ ਦੋ ਬੂਹੇ ਤਾਂ ਦੋ ਕੋਠੜੀਆਂ ਵਲ ਸਨ ਤੇ ਤਿੰਨ ਬਾਗ ਵਲ ਉਸ ਬਾਰਾਂਦਰੀ ਦੇ ਠੀਕ ਸਾਹਮਣੇ ਸਨ ਜਿਸ ਵਿਚ ਕੁਮਾਰਾਂ ਨੇ ਰਾਤ ਬਿਸਰਾਮ ਕੀਤਾ ਸੀ।

ਬਾਗ ਵਲ ਦੇ ਤਿੰਨ ਬੂਹੇ ਖੋਲ ਦੇਣ ਨਾਲ ਕੋਠੜੀ ਵਿਚ ਚੰਗਾ ਚਾਨਣ ਹੋਗਿਆ ਉਸ ਵੇਲੇ ਆਨੰਦ ਸਿੰਘ ਨੇ ਤਲਿਸਮੀ ਖੰਜਰ ਦਾ ਚਾਨਣਾ ਬੰਦ ਕਰਕੇ ਇੰਦਰਜੀਤ ਸਿੰਘ ਨੂੰ ਕਿਹਾ:-

ਇਸੇ ਕੋਠੜੀ ਵਿਚ ਰਾਤ ਨੂੰ ਭੈਰੋਂ ਸਿੰਘ ਨੇ ਪੰਜ ਚਾਰ ਆਦਮੀ ਫਿਰਦੇ ਵੇਖੇ ਸਨ ਮਲੂਮ ਹੁੰਦਾ ਹੈ ਕਿ ਇਨਾਂ ਕੋਠੜੀਆਂ ਵਿਚੋਂ ਇਕ ਦੂਸਰੀ ਵਿਚ ਜਾਣ ਲਈ ਦੂਰ ਤਕ ਰਾਹ ਬਣਿਆ

CC-0. Panjab Digital Library Research Institute. Digitized by eGangotri

ਹੋਇਆ ਹੈ ।

ਇੰਦਰਜੀਤ–ਮੈਂ ਭੀ ਏਹੋਂ ਸਮਝਦਾ ਹਾਂ,ਇਸ ਸਜੇ ਪਾਸੇ ਦੀ ਕੋਠੜੀ ਦਾ ਬੂਹਾ ਖੋਲਕੇ ਵੇਖੋ ਕਿ ਉਸਦੇ ਅੰਦਰ ਕੀਹੈ।

ਆਨੰਦ ਸਿੰਘ ਨੇ ਉਸ ਕੋਠੜੀ ਦਾ ਬੂਹਾ ਖੋਲਿਆ ਉਸ ਵੇਲੇ ਦੋਹਾਂ ਨੇ ਦੇਖਿਆ ਕਿ ਇਕ ਆਦਮੀ ਛੱਤੀ ਨਾਲ ਨਿਕਲਕੇ ਦੂਸਰੀ ਕੋਠੜੀ ਵਿਚ ਚਲਾ ਗਿਆ ਹੈ, ਦੋਹਾਂ ਕੁਮਾਰਾਂ ਨੇ ਛੱਤੀ ਨਾਲ ਓਸਦਾ ਪਿਛਾ ਕੀਤਾ ਜਦ ਓਹ ਦੂਸਰੀ ਕੋਠੜੀ ਵਿਚ ਗਏ ਜਿਸਦਾ ਬੂਹਾ ਅਜੇ ਚੰਗੀਤਰਾਂ ਬੰਦ ਨਹੀਂ ਹੋਇਆ ਸੀ ਤਾਂ ਨਾਨਕ ਤੇ ਨਜਰ ਪਈ। ਭਾਵੇਂ ਉਸ ਕੋਠੜੀ ਦੇ ਬੂਹੇ ਬੰਦ ਸਨ ਪਰ ਦਿਨ ਵੇਲਾ ਹੋਣ ਕਰਕ ਝਿਲ-ਮਿਲੀਆਂ ਵਿਚੋਂ ਚੰਗਾ ਚਾਨਣ ਆਉਣ ਕਰਕੇ ਆਦਮੀ ਦੀ ਸੂਰਤ ਸ਼ਕਲਪਛਾਣੀ ਜਾਂਦੀ ਸੀ ਏਹੋ ਕਾਰਨ ਸੀ ਕਿ ਦੋਹਾਂ ਕੁਮਾਰਾਂ ਨੇ ਝਟ ਪਟ ਪਛਾਣ ਲਿਆ ਕਿ ਓਹ ਨਾਨਕ ਹੈ,ਇਸੇਤਰਾਂ ਨਾਨਕ ਨੇ ਭੀ ਝਟ ਦੋਹਾਂ ਨੂੰ ਪਛਾਣ ਕੇ ਪ੍ਰਨਾਮ ਕਰਕੇ ਕਿਹਾ ਮੈਂ ਕਿਸੇ ਵੈਰੀ ਦੇ ਹੋਣ ਦਾ ਅਨੁਮਾਨ ਕਰਕ ਨਸਿਆ ਸੀ ਪਰ ਜਦ ਅਵਾਜ਼ ਸੁਣੀ ਤਾਂ ਝਟ ਠਹਿਰ ਗਿਆ। ਮੈਂ ਆਪਨੂੰ ਕਲ ਤੋਂ ਲਭ ਰਿਹਾ ਹਾਂ ਪਰ ਕੋਈ ਪਤਾ ਨਹੀਂ ਮਿਲਦਾ ਸੀ ਕਿਉਂਕਿ ਤਲਿਸਮੀ ਕਾਰਖਾਨੇ ਵਿਚ ਕੁਛ ਜਾਣੇ ਬੁਝੇ ਦੇ ਬਿਨਾਂ ਬਦੋਬਦੀ ਬੂਹਾ ਖੋਲਕੇ ਅੰਦਰ ਜਾਣਾ ਉਚਿਤ ਨਹੀਂ ਸਮਝਿਆ ਸੀ ਏਸੇ ਲਈ ਬਾਗ ਵਿਚ ਨਹੀਂ ਪਹੁੰਚ ਸਕਿਆ। ਆਪਆਨੰਦ ਪ੍ਰਸੰਨ ਤਾਂ ਹੋ?

ਇੰਦਰਜੀਤ--ਹਾਂ ਅਸੀ ਸਭ ਤਰਾਂ ਆਨੰਦ ਪ੍ਰਸੰਨ ਹਾਂ ਤੂੰ ਆਪਣੀ ਸੁਣਾਕਿਸਤਰਾਂ ਤੇ ਕਦੋਂਤੇ ਕਿਸਰਸਤੇ ਏਥੇ ਆਯਾ ਹੈਂ?

CC-0. Kashmir Research Institute. Digitized by eGangotri

ਨਾਨਕ–ਕਮਲਨੀ ਨੂੰ ਮਿਲਣ ਲਈ ਘਰੋਂ ਨਿਕਲਿਆ ਸੀ ਪਰ ਜਦ ਪਤਾ ਲਗਾ ਕਿ ਓਹ ਰਾਜਾ ਗੋਪਾਲ ਸਿੰਘਦੇ ਨਾਲ ਜਮਾਨੀਆਂ ਗਈ ਹੈ ਤਦ ਮੈਂ ਰਾਜਾ ਗੋਪਾਲ ਸਿੰਘ ਦੇ ਪਾਸ ਗਿਆ ਤੇ ਉਨਾਂ ਦੀ ਆਗਿਆ ਅਨੁਸਾਰ ਆਪਦੇ ਪਾਸ ਆਗਿਆ ਹਾਂ।

ਇੰਦਰਜੀਤ–ਕਿਸਦੀ ਆਗਿਆ ਅਨੁਸਾਰ ? ਰਾਜਾ ਗੋਪਾਲ ਸਿੰਘ ਦੀ ਕਿ ਕਮਲਨੀ ਦੀ ?

ਨਾਨਕ–ਕਮਲਨੀ ਦੀ ਆਗਿਆ ਅਨੁਸਾਰ।

ਨਾਨਕ ਦੀ ਗਲ ਸੁਣਕੇ ਆਨੰਦ ਸਿੰਘ ਨੇ ਬੜੀ ਭੇਤ ਭਰੀ ਨਜਰ ਨਾਲ ਇੰਦਰਜੀਤ ਸਿੰਘ ਵਲ ਦੇਖਿਆ ਤੇ ਇੰਦਰ ਜੀਤ ਸਿੰਘ ਨੇ ਭੀ ਮੁਸਕਰਾਕੇ ਉਸ ਵਲ ਦੇਖਕੇ ਆਨੰਦ ਸਿੰਘ ਨੂੰ ਕਿਹਾ ਜਰਾ ਬਾਹਰ ਦੇ ਬੂਹੇ ਖੋਹਲ ਦੇਵੋ ਚਾਨਣ ਹੋਜਾਵੇ।

ਆਨੰਦ ਸਿੰਘ ਨੇ ਬੂਹਾ ਖੋਲ ਦਿਤਾ ਤੇ ਫੇਰ ਨਾਨਕ ਦੇ ਪਾਸ ਆਕੇ ਕਿਹਾ:–ਹਾਂ ਤੂੰ ਕਮਲਨੀ ਦੀ ਆਗਿਆ ਅਨੁਸਾਰ ਏਥੇ ਆਇਆ ਹੈਂ ?

ਨਾਨਕ ਜੀ ਹਾਂ।

ਆਨੰਦ–ਕਮਲਨੀ ਨੂੰ ਕਿਥੇ ਛਡਿਆ ?

ਨਾਨਕ–ਰਾਜਾ ਗੋਪਾਲ ਸਿੰਘ ਦੇ ਤਲਿਸਮੀ ਬਾਗ ਵਿਚ।

ਇੰਦਰਜੀਤ–ਹੁਣ ਓਹ ਰਾਜੀ ਤਾਂ ਹੈ ?

ਨਾਨਕ–ਜੀ ਹਾਂ।

ਅਨੰਦ–ਘੋੜੇ ਤੋਂ ਡਿਗਣ ਕਰਕੇ ਜੋ ਉਸਦੀ ਲੱਤ ਟੁਟ ਗਈ ਸੀ ਹੁਣ ਰਾਜੀ ਹੈ ?

Institute. Digitized by eGangotri

ਨਾਨਕ–ਇਹ ਖਬਰ ਆਪਨੂੰ ਕਿਸਤਰਾਂ ਲਗੀ ?

ਆਨੰਦ–ਜੀ ਵਾਹ ! ਮੇਰੇ ਸਾਹਮਣੇ ਹੀ ਓਹ ਘੋੜੇ ਤੋਂ ਡਿਗੀ ਭੈਰੋਂ ਸਿੰਘ ਨੇ ਪਟੀ ਬਧੀ ਰਾਜੀ ਤਾਂਹੋਗਈ ਸੀ ਪਰਕੁਛਰ ਪੀੜ ਅਜੇ ਹੁੰਦੀ ਸੀ ਜੋ ਮੈਂ ਏਧਰ ਚਲਾ ਆਇਆ ।

ਨਾਨਕ–ਜੀ ਹਾਂ ਪਰ ਹੁਣ ਤਾਂ ਸਭ ਤਰਾਂ ਰਾਜੀ ਖੁਸ਼ੀ ਹੈ

ਆਨੰਦ–(ਹੱਸਕੇ)ਹਛਾ ਇਹ ਦਸ ਕਿ ਤੂੰ ਕਿਸ ਰਸਤੇ ਆਇਆ ਹੈਂ ?

ਨਾਨਕ–ਓਸੇ ਬੁਰਜ ਵਾਲੇ ਰਸਤੇ ਆਇਆ ਹਾਂ ।

ਆਨੰਦ--ਮੈਨੂੰ ਜਰਾ ਨਾਲ ਲੈ ਜਾਕੇ ਓਹ ਰਸਤਾ ਤਾਂ ਦਸ ਦੇਹ ।

ਨਾਨਕ--ਚਲੋ ਮੈਂ ਵਿਖਾ ਦੇਂਦਾ ਹਾਂ ਪਰ ਮੈਨੂੰ ਕਮਲੀ ਨੇ ਕਿਹਾ ਸੀ ਕਿ ਜਦ ਤੂੰ ਬਾਗ ਵਿਚ ਜਾਵੇਂਗਾ ਤਾਂ ਪਿਛਾਹਾਂ ਮੁੜਨ ਦਾ ਰਸਤਾ ਬੰਦ ਹੋਜਾਵੇਗਾ ।

ਆਨੰਦ--ਇਹ ਤਾਂ ਓਸਨੇ ਠੀਕ ਕਿਹਾ ਸੀ । ਸਾਨੂੰ ਭੀ ਓਸਨੇ ਇਹ ਕਹਿ ਭੇਜਿਆ ਸੀ ਕਿ ਜਦ ਨਾਨਕ ਨੂੰ ਮੈਂ ਤੁਹਾਡੇ ਪਾਸ ਭੇਜਾਂਗੀ ਤਾਂ ਓਸਦੀ ਜਬਾਨੀ ਸਭ ਹਾਲ ਸੁਣਕੇ ਤੁਸਾਂ ਓਸਨੂੰ ਤਲਿਸਮੋਂ ਬਾਹਰ ਪੁਚਾ ਦੇਣਾ ।

ਨਾਨਕ--(ਕੁਛ ਸ਼ਰਮਿੰਦਾ ਹੋਕੇ)ਜੀ ਆਪ ਤਾਂਠੱਠਾ ਕਰਦੇ ਹੋ, ਮਲੂਮ ਹੁੰਦਾ ਹੈ ਕਿ ਆਪਨੂੰ ਮੇਰੇ ਤੇ ਸੰਦੇਹ ਹੋਗਿਆ ਹੈ ਅਰ ਆਪ ਸਮਝਦੇ ਹੋ ਕਿ ਮੈਂ ਆਪਦੇ ਵੈਰੀ ਦਾ ਏਯਾਰ ਹਾਂ ਤੇ ਨਾਨਕ ਦੀ ਸੂਰਤ ਬਣਕੇ ਆਇਆ ਹਾਂ ਸੋ ਆਪ ਜਿਸਤਰਾਂ ਚਾਹੋ ਮੇਰੀ ਪ੍ਰੀਖਜਾ ਕਰ ਸਕਦੇ ਹੋ ।

CC-0. Kashmir Research Institute. Digitized by eGangotri

ਏਤਨੇ ਨੂੰ ਇਕ ਪਾਸਿਓਂ ਅਵਾਜ਼ ਆਈ ਕਿ ਜਦ ਕਮਲਨੀ ਜੀ ਦਾ ਭੇਜਿਆ ਹੋਇਆ ਆਇਆ ਹੈਂ ਤਾਂ ਪ੍ਰੀਖਣ ਦੀ ਕੀ ਲੋੜ ਹੈ ? ਥੋੜੇ ਚਿਰ ਤਕ ਆਪੇ ਕਮਲਨੀ ਤੇਰੇ ਸਾਹਮਣੇ ਆ ਜਾਵੇਗੀ ।

ਇਸ ਅਵਾਜ਼ ਨੇ ਦੋਹਾਂ ਕੁਮਾਰਾਂ ਨੂੰ ਤਾਂ ਥੋੜਾਪਰ ਨਾਨਕ ਨੂੰ ਬਹੁਤ ਪਰੇਸ਼ਾਨ ਕਰ ਦਿਤਾ । ਓਸਦੇ ਮੂੰਹ ਤੇ ਉਦਾਸੀ ਵਰਤ ਗਈ, ਤੇ ਓਹ ਘਬਰਾਕੇ ਪਿਛਾਹਾਂ ਵੇਖਣ ਲਗ ਪਿਆ । ਇਕ ਕੋਠੜੀ ਵਿਚੋਂ ਦੂਸਰੀ ਵਿਚ ਜਾਣ ਲਈ ਜੋ ਬੂਹਾ ਸੀ ਓਹ ਇਕ ਵੇਲੇ ਬੰਦ ਸੀ ਇਸ ਲਈ ਕਿਸੇ ਓਪਰੇ ਤੇ ਓਸਦੀ ਨਜ਼ਰ ਨ ਪਈ ਉਸ ਬੂਹੇ ਨੂੰ ਖੋਲਕੇ ਨਾਨਕ ਓਸਦੇ ਅੰਦਰ ਚਲਾ ਗਿਆ ਪਰ ਆਨੰਦ ਸਿੰਘ ਨੇ ਛੇਤੀ ਜਾਕੇ ਓਸਦੀ ਵੀਣੀ ਫੜ ਲਈ ਤੇ ਕਿਹਾ ਬਸ ਏਤਨੇ ਵਿਚ ਹੀ ਘਬਰਾ ਗਿਆ ਹੈਂ ? ਏਸੇ ਹਿੰਮਤ ਨਾਲ ਤਲਿਸਮ ਦੇ ਅੰਦਰ ਆਇਆ ਸੀ ? ਆ ਤੂ ਸਹੀ ਤੈਨੂੰ ਬਾਗ ਵਿਚ ਲੈ ਚਲਦੇ ਹਾਂ ਓਥੇ ਨਿਸਚਿੰਤ ਹੋਕੇ ਗਲਾਂ ਕਰਾਂਗੇ ।

ਓਸੇ ਵੇਲੇ ਦੋ ਬੂਹੇ ਖੁਲੇ ਤੇ ਕਾਲੀਆਂ ਚਦਰਾਂ ਉਪਰ ਲਈ ਚਾਰ ਪੰਜ ਆਦਮੀ ਉਨਾਂ ਦਾ ਅੰਦਰੋਂ ਨਿਕਲ ਆਏ ਤੇ ਨਾਨਕ ਨੂੰ ਬਦੋਬਦੀ ਘਸੀਟ ਕੇ ਲੈ ਗਏ ਉਪ੍ਰੰਤ ਓਹ ਬੂਹੇ ਉਸੇਤਰਾਂ ਬੰਦ ਹੋਗਏ । ਕੁਮਾਰਾਂ ਨੇ ਭੀ ਕੁਛ ਸੋਚਕੇ ਨਾ ਰੋਕਿਆ ਤੇ ਜਾਣ ਦਿਤਾ ।

ਹੋਰਨਾਂ ਕੋਠੜੀਆਂ ਪਾਸੋਂ ਇਕ ਕੋਠੜੀ ਵਿਚ ਬਹੁਤ ਬੂਹੇ ਸਨ ਅਰਥਾਤ ਦੋ ਬੂਹੇ ਦੋਹੀਂ ਪਾਸੀਂ ਸਨ ਤੇ ਬਾਗ ਵਲ

CC-0. Panini Kanya Maha Vidyalaya Collection. Research Institute. Digitized by eGangotri

ਚਾਰ ਤੇ ਦੋ ਪਿਛਲੇ ਪਾਸੇ ਸਨ ਓਨਾਂ ਪਿਛਲੇ ਦੋਹਾਂ ਬੂਹਿਆਂ ਵਿਚੋਂ ਓਹ ਆਦਮੀ ਆਏ ਸਨ। ਨਾਨਕ ਨੂੰ ਲੈਜਾਣ ਦੇ ਪਿਛੋਂ ਓਨਾਂ ਬੂਹਿਆਂ ਵਿਚੋਂ ਆਨੰਦ ਸਿੰਘ ਨੇ ਇਕ ਬੂਹਾ ਖੋਲਕੇ ਅੰਦਰ ਝਾਤ ਮਾਰਕੇ ਦੇਖਿਆ ਬੜਾ ਲੰਮਾ ਚੌੜਾ ਕਮਰਾ ਨਜਰ ਆਇਆ ਜਿਸ ਵਿਚ ਕੋਈ ਹਨੇਰਾ ਨਹੀਂ ਸੀ ਦੋਵੇਂ ਕੁਮਾਰ ਅੰਦਰ ਲੰਘ ਗਏ ਤਦ ਪਤਾ ਲਗਾ ਕਿ ਦੋਵੇਂ ਬੂਹੇ ਇਕੋ ਕਮਰੇ ਵਿਚ ਜਾਣ ਵਾਸਤੇ ਹਨ ਇਸ ਕਮਰੇ ਵਿਚ ਦੋਹਾਂ ਕੁਮਾਰਾਂ ਨੇ ਇਕ ਬੂਢੇ ਆਦਮੀ ਨੂੰ ਵੇਖਿਆ ਜੋ ਇਕ ਮੰਜੇ ਤੇ ਲੰਮਾ ਪੈਕੇ ਕੋਈ ਪੋਥੀ ਪੜ ਰਿਹਾ ਸੀ, ਕੁਮਾਰਾਂ ਨੂੰ ਦੇਖਦਿਆਂ ਹੀ ਓਹ ਮੰਜੇ ਤੋਂ ਹੇਠਾਂ ਉਤਰ ਪਿਆ ਤੇ ਪਰਨਾਮ ਕਰਕੇ ਬੋਲਿਆ ਮੈਂ ਕਈਆਂ ਦਿਨਾਂ ਤੋਂ ਆਪਨੂੰ ਉਡੀਕ ਰਿਹਾ ਹਾਂ।

ਇੰਦਰਜੀਤ—ਤੂੰ ਕੌਣ ਹੈਂ ?

ਬੂਢਾ--ਜੀ ਮੈਂ ਇਸ ਬਾਗ ਦਾ ਦਰੋਗਾ ਹਾਂ।

ਇੰਦਰਜੀਤ--ਸਾਨੂੰ ਉਡੀਕਣ ਦਾ ਕੀ ਕਾਰਨ ਹੈ ?

ਦਰੋਗਾ-ਇਸ ਲਈ ਕਿ ਆਪਨੂੰ ਇਸ ਤਲਿਸਮ ਦੇ ਅਨੋਖੇ ਕਰਤਬ ਦਿਖਾਵਾਂ ਤੇ ਸੈਰ ਕਰਾਕੇ ਆਪਣੇ ਸਿਰ ਤੋਂ ਭਾਰ ਉਤਾਰਾਂ।

ਇੰਦਰਜੀਤ—ਕੀ ਇਧਰ ਦੋ ਤਿੰਨ ਦਿਨਾਂ ਦੇ ਅੰਦਰ ਹੋਰ ਭੀ ਕੋਈ ਇਸ ਬਾਗ ਵਿਚ ਆਇਆ ਹੈ ?

ਦਰੋਗਾ--ਜੀ ਹਾਂ ਦੋ ਮਰਦ ਤੇ ਹੋਰ ਕਈ ਤੀਵੀਆਂ ਆਈਆਂ ਹਨ।

ਇੰਦਰਜੀਤ--ਕੀ ਉਨਾਂ ਦੇ ਨਾਉਂ ਦਸ ਸਕਦੇ ਹੋ ?

CC-0. Kashmir Research Institute. Digitized by eGangotri

ਦਰੋਗਾ--ਨਾਨਕ ਤੇ ਭੈਰੋਂ ਸਿੰਘ ਦੇ ਬਿਨਾਂ ਮੈਂ ਹੋਰ ਕਿਸੇ ਦਾ ਨਾਉਂ ਨਹੀਂ ਜਾਣਦਾ (ਕੁਛ ਸੋਚਕੇ) ਹਾ ਇਕ ਇਸਤ੍ਰੀ ਦਾ ਨਾਉਂ ਭੀ ਜਾਣਦਾ ਹਾਂ ਉਸਦਾ ਨਾਉਂ ਕਮਲਨੀ ਹੈ ਕਿਉਂਕਿ ਕਈ ਵਾਰੀ ਉਸਨੂੰ ਇਸੇ ਨਾਉਂ ਨਾਲ ਅਵਾਜ਼ ਮਾਰੀ ਗਈ ਹੈ ਓਹ ਬੜੀ ਹੀ ਚਲਾਕ ਹੈ ਆਪਣੀ ਅਕਲ ਦੇ ਸਾਹਮਣੇ ਕਿਸੇ ਨੂੰ ਕੁਛ ਭੀ ਨਹੀਂ ਸਮਝਦੀ ਪਰ ਧੋਖਾ ਖਾਧੇ ਬਿਨਾਂ ਨਹੀਂ ਰਹਿ ਸਕਦੀ ।

ਇੰਦਰਜੀਤ–ਕੀ ਤੁਸੀ ਦਸ ਸਕਦੇ ਹੋ ਕਿ ਓਹ ਸਬ ਇਸ ਵੇਲੇ ਕਿਥੇ ਹਨ ਤੇ ਕਿਸਤਰਾਂ ਮਿਲ ਸਕਦੇ ਹਨ ?

ਦਰੋਗਾ–ਜੀ ਮੈਨੂੰ ਉਨਾਂ ਦਾ ਕੁਛ ਪਤਾ ਨਹੀਂ ਕਿਉਂਕਿ ਕਮਲਨੀ ਨੇ ਓਨਾਂ ਨੂੰ ਮੇਰੀ ਗਲ ਨਹੀਂ ਮੰਨਣ ਦਿਤੀ ਇਸ ਲਈ ਮੈਂ ਭੀ ਉਨਾਂ ਦੀ ਖਬਰ ਰਖਣੀ ਛਡ ਦਿਤੀ ।

ਇੰਦਰਜੀਤ–ਜੇ ਤੁਸੀ ਇਥੋਂ ਦੇ ਦਰੋਗੇ ਹੋ ਤਾਂ ਖਬਰ ਨਾ ਰਖਣ ਤੇ ਭੀ ਜਾਣਦੇ ਹੋਵੋਗੇ ਕਿ ਓਹ ਇਸ ਵੇਲੇ ਕਿਥੇ ਹਨ ।

ਦਰੋਗਾ--ਮੈਨੂੰ ਏਥੋਂ ਦਾ ਦਰੋਗਾ ਸਮਝਣਾਂ ਜਾਂ ਨਾ ਸਮਝਣਾਂ ਤਾਂ ਤੁਹਾਡੇ ਵਸ ਹੇ ਪਰ ਮੈਂ ਇਹ ਜਰੂਰ ਕਹਾਂਗਾ ਕਿ ਮੈਨੂੰ ਓਨਾਂ ਦਾ ਕੁਝ ਪਤਾ ਨਹੀਂ ਹੈ ।

ਆਨੰਦ–(ਹਸਕੇ) ਜੇ ਏਹੋ ਗਲ ਹੈਤਾਂ ਏਥੋਂ ਦੀ ਰਾਖੀ ਕੀ ਕਰਦੇ ਹੋਵੋਗੇ ?

ਦਰੋਗਾ–ਇਸਦਾ ਹਾਲ ਤਾਂ ਤਦੋਂ ਮਲੂਮ ਹੋਵੇਗਾ ਜਦ ਮੇਰੇ ਨਾਲ ਚਲਕੇ ਏਥੋਂ ਦੀ ਸੈਰ ਕਰੋਗੇ ।

ਆਨੰਦ–ਹਛਾ ਇਹ ਦਸੋ ਕਿ ਸਾਡੇ ਵੇਖਦਿਆਂ ੨ ਜੋ ਲੋਕ

CC-0. Panjab University Research Institute. Digitized by eGangotri

ਨਾਨਕ ਨੂੰ ਫੜਕੇ ਲੈ ਗਏ ਹਨ ਓਹ ਕੌਣ ਸਨ ?

ਦਰੋਗਾ--ਓਹ ਮੇਰੇ ਹੀ ਨੌਕਰ ਸਨ ਨਾਨਕ ਝੂਠਾ ਤੇ ਸ਼ੈਤਾਨ ਹੈ ਓਹ ਧੋਖਾ ਦੇਕੇ ਆਪਨੂੰ ਦੁਖ ਦੇਣ ਵਾਸਤੇ ਆਗਿਆ ਸੀ ਇਸੇ ਵਾਸਤੇ ਮੈਂ ਓਸਨੂੰ ਫੜਨ ਦੀ ਆਗਿਆ ਦਿਤੀ ਸੀ।

ਆਨੰਦ--ਤੇਰੇ ਆਦਮੀ ਕਿਥੇ ਰਹਿੰਦੇ ਹਨ ? ਏਥੇ ਤਾਂ ਤੁਸੀ ਇਕਲੇ ਹੀ ਹੋ।

ਦਰੋਗਾ--ਇਹ ਮੇਰਾ ਇਕਾਂਤ ਅਸਥਾਨ ਹੈ ਜਦ ਕੁਛ ਪੜ੍ਹਨਾ ਹੁੰਦਾ ਹੈ ਜਾਂ ਕੁਛ ਸੋਚਣਾ ਹੁੰਦਾ ਹੈ ਤਾਂ ਮੈਂ ਇਸ ਕਮਰੇ ਵਿਚ ਆ ਜਾਂਦਾ ਹਾਂ। ਆਪਨੂੰ ਏਥੇ ਖਲੋਤੇ ਗਲਾਂ ਕਰਨ ਵਿਚ ਔਖਿਆਈ ਹੁੰਦੀ ਹੋਵੇਗੀ ਆਪ ਮੇਰੇ ਅਸਥਾਨ ਵਿਚ ਚਲੋ ਚਲੋ ਤਾ ਚੰਗੀ ਗਲ ਹੈ ਜਾਂ ਬਾਗ ਵਿਚ ਚਲੋ ਚਲੋ ਓਥੇ ਭੀ ਕਈ.....,

ਇੰਦਰਜੀਤ--ਹਛਾ ਇਹ ਤਾਂ ਹੋਜਾਵੇਗਾ ਪਹਿਲਾਂ ਸਾਨੂੰ ਇਸ ਗਲ ਦਾ ਪਤਾ ਲਗ ਜਾਣਾ ਚਾਹੀਦਾ ਹੈ ਕਿ ਤੁਸੀ ਸਾਡੇ ਮਿਤਰ ਹੋ ਸ਼ਤਰੂ ਨਹੀਂ ਅਰ ਤੁਹਾਡੀ ਸੂਰਤ ਅਸਲੀ ਹੈ ਬਨਾਵਟੀ ਨਹੀਂ ਇਸਦੇ ਉਪ੍ਰੰਤ ਤੁਹਾਡੇ ਨਾਲ ਖੋਹਲਕੇ ਗਲਾਂ ਕਰਾਂਗੇ।

ਦਰੋਗਾ--ਇਨਾਂ ਗਲਾ ਦਾ ਪਤਾ ਤੁਹਾਨੂੰ ਮੇਰੀ ਕਾਰਵਾਈ ਤੋਂ ਲਗ ਜਾਵੇਗਾ ਮੇਰੇ ਕਹਿਣ ਦੀ ਕੋਈ ਲੋੜ ਨਹੀਂ ਪਰ ਇਸ ਗਲ ਨੂੰ ਚੰਗੀ ਤਰਾਂ... ..... ।

ਦਰੋਗੇ ਦੀ ਗਲ ਅਜੇ ਪੂਰੀ ਹੋਈ ਹੀ ਨਹੀਂ ਸੀ ਕਿ ਇਕ ਪਾਸਿਓਂ ਅਵਾਜ ਆਈ 'ਕਿਉਂ ਜੀ ਤੁਹਾਨੂੰ ਕੁਛ ਖਾਣ ਪੀਣ ਦੀ ਭੀ ਸੁਧ ਹੈ ਕਿ ਐਵੇਂ ਬਕਵਾਸ ਕਰਦੇ ਰਹੋਗੇ ?'

ਦੋਵੇਂ ਕੁਮਾਰ ਹੈਰਾਨੀ ਨਾਲ ਓਸ ਪਾਸੇ ਵੇਖਣ ਲਗ ਪਏ

CC-0. Kashmir Research Institute. Digitized by eGangotri

ਜਿਧਰੋਂ ਇਹ ਅਵਾਜ਼ ਆਈ ਸੀ ਓਸੇ ਵੇਲੇ ਇਕ ਬੁਢੀ ਉਸੇ ਪਾਸਿਓਂ ਆਉਂਦੀ ਦਿਸੀ ਜੋ ਦਰੋਗੇ ਦੇ ਪਾਸ ਆਕੇ ਬੋਲੀ ਮੇਰੇ ਬੜੇ ਹੀ ਖੋਟੇ ਭਾਗ ਸਨ ਜੋ ਮੈਂ ਤੇਰੇ ਨਾਲ ਵਿਆਹੀ ਗਈ, ਮੈਂ ਜੋ ਕਿਹਾ ਹੈ ਸੁਣਿਆ ਹੈ ਕਿ ਨਹੀਂ ?

ਦਰੋਗਾ-(ਕ੍ਰੋਧ ਨਾਲ) ਆਗਈ ਸ਼ੈਤਾਨ ਦੀ ਨਾਨੀ ?

ਦੋਵੇਂ ਕੁਮਾਰ ਉਸ ਬੁਢੀ ਨੂੰ ਵੇਖਦਿਆਂ ਹੀ ਪਛਾਣ ਗਏ ਕਿ ਇਹ ਓਹੋ ਬੁਢੀ ਹੈ ਜੋ ਭੈਰੋਂ ਸਿੰਘ ਦੀ ਵਹੁਟੀ ਬਣੀ ਹੋਈ ਸੀ ਜਦ ਭੈਰੋਂ ਸਿੰਘ ਪਾਗਲ ਹੋਇਆ ੨ ਸਾਨੂੰ ਮਿਲਿਆ ਸੀ।

ਇੰਦਰਜੀਤ ਸਿੰਘ ਨੇ ਹਸਦੇ ਹੋਏ ਉਸ ਬੁਢੀ ਨੂੰ ਕਿਹਾ ਅਜੇ ਕਲ ਦੀ ਗਲ ਹੈ ਕਿ ਤੂ ਪਾਗਲ ਭੈਰੋਂ ਸਿੰਘ ਦੀ ਵਹੁਟੀ ਬਣੀ ਹੋਈ ਸੀ ਅਜ ਇਸ ਦਰੋਗੇ ਨੂ ਆਪਣਾ ਮਾਲਕ ਦਸ ਰਹੀ ਹੈਂ !

ਪੰਜਵਾਂ ਕਾਂਡ

ਕੋਰ ਇੰਦਰਜੀਤ ਸਿੰਘ ਦੀ ਗਲ ਸੁਣਕੇ ਬੁਢੀ ਚਮਕ ਉਠੀ ਤੇ ਨੱਕ ਚਾੜਕੇ ਬੋਲੀ ਬੁਢੀਆਂ ਤੀਵੀਆਂ ਨਾਲ ਠੱਠਾ ਕਰਦਿਆਂ ਤੁਹਾਨੂ ਸ਼ਰਮ ਨਹੀਂ ਆਉਂਦੀ !!!

ਇੰਦਰਜੀਤ-ਕਿਉਂ ਮੈਂ ਝੂਠ ਆਖਦਾ ਹਾਂ ?

ਬੁਢੀ-ਇਸ ਤੋਂ ਵਧਕੇ ਹੋਰ ਕੀ ਝੂਠ ਹੋ ਸਕਦਾ ਹੈ ? ਲੋਕ ਕਿਸੇ ਦੀ ਪਿੱਠ ਪਿਛੇ ਝੂਠ ਬੋਲਦੇ ਹਨ ਤੁਸੀ ਮੇਰੇ ਮੂਹ ਤੇ ਝੂਠ ਬੋਲਕੇ ਫੇਰ ਆਪਣੇ ਆਪਨੂੰ ਸਚਾ ਦਸਦੇ ਹੋ। ਭਲਾ ਇਸ ਤਲਿਸਮਵਿਚ ਹੋਰ ਕੌਣ ਆ ਸਕਦਾ ਹੈ ਤੇ ਓਹ ਭੈਰੋਂ ਸਿੰਘ ਕੌਣ ਹੈ

Institute. Digitized by eGangotri

ਜਿਸਦਾ ਆਪਨੇ ਨਾ ਿੰ ਲਿਆ ਹੈ ?

ਇੰਦਰਜੀਤ–ਸਬ ਮਲੂਮ ਹੋਗਿਆ ਹੈ ਮੈਂ ਆਪ ਤੇਰੇ ਮੂੰਹੋਂ.....।

ਬੁਢਾ--(ਇੰਦਰਜੀਤ ਸਿੰਘ ਨੂੰ ਰੋਕਕੇ) ਜੀ ਤੁਸੀ ਕਿਸ ਨਾਲ ਗਲਾਂ ਕਰਦੇ ਹੋ ? ਇਹ ਤਾਂ ਪਾਗਲ ਹੈ ਇਸਦੀਆਂ ਗਲਾਂ ਤੇ ਧਿਆਨ ਦੇਣਾ ਮੂਰਖਾਂ ਦਾ ਕੰਮ ਹੈ (ਬੁਢਾ ਨੂੰ) ਤੈਨੂੰ ਏਥੇ ਕਿਸਨੇ ਸਦਿਆ ਹੈ ? ਤੇਰੇ ਦੁਖੋਂ ਤਾਂ ਮੈਂ ਨਸਕੇ ਏਥੇ ਇਕਾਂਤ ਵਿਚ ਆ ਬੈਠਾ ਹਾਂ ਪਰ ਤੂੰ ਅਜੇਹੀ ਸ਼ੈਤਾਨ ਦੀ ਨਾਨੀ ਹੈਂ ਕਿ ਏਥੇ ਭੀ ਆ ਪਹੁੰਚੀ, ਦਿਨ ਅਜੇ ਚੜਿਆ ਨਹੀਂ ਤੇ ਰੋਟੀ ਦੀ ਅਗੇਤਰੀ ਰਟ ਲਰ ਗਈ ਹੈ।

ਬੁਢੀ–ਤਾਂ ਕੀ ਤੂੰ ਕਛ ਖ ਣਾ ਪੀਣਾ ਨਹੀਂ ?

ਬੁਢਾ–ਜਦ ਮੇਰੀ ਇਛਾ ਹੋਵੇਗੀ ਖਾ ਲਵਾਂਗਾ ਤੈਨੂੰ ਇਸ ਨਾਲ ਕੀ ? ਦੇਖਦੀ ਨਹੀਂ ਕਿ ਕਿਤਨੇ ਵਡੇ ਆਦਮੀ ਨਾਲ ਮੈਂ ਗਲ ਕਰ ਰਿਹਾ ਹਾਂ,ਦੋਹਾਂ (ਕੁਮਾਰਾਂ ਨੂੰ) ਆਪ ਇਸ ਦੁਸ਼ਟਾ ਦਾ ਧਿਆਨ ਹੀ ਛਡ ਦੇਵੋ ਮੇਰੇ ਨਾਲ ਆਓ ਮੈਂ ਆਪਨੂੰ ਇਕ ਅਜੇਹੀ ਥਾਂ ਤੇ ਲੈ ਚਲਦਾ ਹਾਂ ਜਿਥੇ ਇਸਦੀਆਤਮਾ ਭੀ ਨਾ ਜਾਸਕੇ ਉਥੇ ਹੀ ਗਲਾਂ ਕਰਾਂਗੇ ਤੇ ਜੋ ਕੁਛ ਯੋਗ ਹੋਵੇਗਾ ਕੀਤਾ ਜਾਵੇਗਾ।

ਇਹ ਗਲ ਬੁਢੇ ਨੇ ਅਜੇਹੇ ਢੰਗ ਨਾਲ ਕਹੀ ਤੇ ਇਸ ਤਰਾਂ ਪਲਟਾ ਖਾਕੇ ਤੁਰ ਪਿਆ ਕਿ ਦੋਹਾਂ ਕੁਮਾਰਾਂ ਨੂੰ ਉਸ ਦੀਆਂ ਗਲਾਂ ਦਾ ਉਤਰ ਦੇਣ ਜਾ ਸੰਦੇਹ ਕਰਨ ਦਾ ਸਮਾਂ ਹੀ ਨਾ ਮਿਲਿਆ ਅਰ ਓਹ ਦੋਵੇਂ ਭੀ ਓਸਦੇ ਪਿਛੇ ੨ ਤੁਰ ਪਏ।

ਉਸ ਕਮਰੇ ਦੇ ਨਾਲ ਹੀ ਇਕ ਕੋਠੜੀ ਦੇ ਉਪਰ ਚੜਨ

CC-0. Kashmir Research Institute. Digitized by eGangotri

ਲਈ ਪੌੜੀਆਂ ਬਣੀਆਂ ਹੋਈਆਂ ਸਨ ਬੁਢਾ ਉਸ ਕੋਠੜੀ ਵਿਚ ਜਾਕੇ ਦੋਹਾਂ ਕੁਮਾਰਾਂ ਨੂੰ ਨਾਲ ਲੈਕੇ ਪੌੜੀਆਂ ਚੜਕੇ ਛੱਤ ਉਪਰ ਲੈਗਿਆ ਉਪਰ ਭੀ ਕਈ ਛੋਟੀਆਂ ੨ ਕੋਠੜੀਆਂ ਤੇ ਕਮਰੇ ਸਨ। ਬੁਢੇ ਦੇ ਕਹੇ ਅਨੁਸਾਰ ਕੁਮਾਰਾਂ ਨੇ ਜਾਲੀਦਾਰ ਖਿੜਕੀ ਵਿਚ ਝਾਤੀ ਮਾਰੀ, ਤਾਂ ਇਕ ਹੋਰ ਬਾਗ ਨਜਰ ਆਇਆ ਜੋ ਉਸ ਬਾਗ ਪਾਸੋਂ ਜਿਸ ਵਿਚ ਕੁਮਾਰ ਇਕ ਦਿਨ ਤੇ ਰਾਤ ਰਹਿ ਚੁਕੇ ਸਨ ਵਧੀਕ ਸੋਹਣਾ ਸੀ ਤੇ ਇਸ ਵਿਚ ਫੁਲਾਂ ਦੇ ਬੂਟੇ ਭੀ ਬਹੁਤ ਸਨ ਤੇ ਇਕ ਛੋਟੀ ਜੇਹੀ ਪਾਣੀ ਦੀ ਨਹਿਰ ਭੀ ਵਗਦੀ ਸੀ ਜੋ ਇਸ ਕੰਧ ਤੋਂ ਬਹੁਤ ਦੂਰ ਉਸ ਬਾਗ ਦੇ ਪਰਲੇ ਪਾਸੇ ਦੀ ਕੰਧ ਦੇ ਪਾਸ ਵਗਦੀ ਸੀ ਜਿਸਦੇ ਕੰਢੇ ਕਈ ਇਸਤ੍ਰੀਆਂ ਨੂੰ ਬੈਠਿਆਂ ਕੁਮਾਰਾਂ ਨੇ ਵੇਖਿਆ।

ਪਹਿਲਾਂ ਤਾਂ ਕੌਰ ਇੰਦਰਜੀਤ ਸਿੰਘ ਤੇ ਆਨੰਦ ਸਿੰਘ ਨੂੰ ਸੰਦੇਹ ਹੋਇਆ ਕਿ ਓਹ ਇਸਤ੍ਰੀਆਂ ਕਿਸ਼ੋਰੀ ਕਾਮਨੀ ਤੇ ਕਮਲਨੀ ਆਦਿਕ ਹੋਣਗੀਆਂ ਪਰ ਜਦ ਓਨਾਂ ਦੀਆਂ ਸੂਰਤਾਂ ਵਲ ਧਿਆਨ ਕੀਤਾ ਤਾਂ ਹੋਰਹੀ ਨਜਰ ਆਈਆਂ ਜਿਨਾਂ ਨੂੰ ਅਜ ਤੋਂ ਪਹਿਲੇ ਕਦੇ ਨਹੀਂ ਵੇਖਿਆ ਸੀ।

ਇੰਦਰਜੀਤ--(ਬੁਢੇ ਨੂੰ) ਕੀ ਇਹ ਓਹੋ ਇਸਤ੍ਰੀਆਂ ਹਨ ਜਿਨਾਂ ਬਾਬਤ ਤੁਸਾਂ ਕਿਹਾ ਸੀ ਜਿਨਾਂ ਵਿਚੋਂ ਇਕ ਦਾ ਨਾਉਂ ਤੁਸਾਂ ਕਮਲਨੀ ਦਸਿਆ ਸੀ।

ਬੁਢਾ--ਜੀ ਨਹੀਂ ਓਨਾਂ ਦਾ ਮੈਨੂ ਕੁਛ ਪਤਾ ਨਹੀਂ ਜੋ ਓਹ ਕਿਥੇ ਗਈਆਂ।

ਆਨੰਦ--ਫੇਰ ਇਹ ਕੋਣ ਹਨ?

Institute. Digitized by eGangotri

ਬੁਢਾ--ਇਨਾਂ ਵਲੋਂ ਮੈਂ ਇਸ ਤੋਂ ਵਧੀਕ ਕੁਛ ਨਹੀਂ ਜਾਣਦਾ ਕਿ ਇਹ ਰਾਜਾ ਗੋਪਾਲ ਸਿੰਘ ਦੇ ਸਾਕਾਂ ਵਿਚੋਂ ਹਨ ਅਰ ਕਿਸੇ ਖਾਸ ਕਾਰਨ ਕਰਕੇ ਰਾਜਾ ਗੋਪਾਲ ਸਿੰਘ ਨੇ ਏਨਾਂ ਨੂੰ ਏਥੇ ਰਖਿਆ ਹੋਯਾ ਹੈ ।

ਇੰਦਰਜੀਤ--ਇਹ ਏਥੇ ਕਦ ਦੀਆਂ ਰਹਿੰਦੀਆਂ ਹਨ?

ਬੁਢਾ--ਸਤ ਵਰਿਹਾਂ ਤੋਂ ।

ਇੰਦਰਜੀਤ--ਇਨਾਂ ਦੇ ਖਾਣ ਪੀਣ ਤੇ ਕਪੜੇ ਲੀੜੇ ਦਾ ਪ੍ਰਬੰਧ ਕੌਣ ਕਰਦਾ ਹੈ ?

ਬੁਢਾ--ਮੈਨੂੰ ਇਸਦਾ ਕੁਛ ਪਤਾ ਨਹੀਂ, ਜੇ ਮੈਂ ਕਦੇ ਓਨਾਂ ਦੇ ਪਾਸ ਜਾਂਦਾ ਜਾਂ ਕੁਛ ਗਲ ਬਾਤ ਕਰਦਾ ਤਾਂ ਜਰੂਰ ਕੁਛ ਮਲੂਮ ਹੋ ਜਾਂਦਾ ਪਰ ਰਾਜਾ ਗੋਪਾਲ ਸਿੰਘ ਨੇ ਇਸ ਗਲ ਦੀ ਬੜੀ ਭਾਰੀ ਬੰਦਸ਼ ਕੀਤੀ ਹੋਈ ਹੈ ਕਿ ਕਦੇ ਇਨਾਂ ਦੇ ਪਾਸ ਨਹੀਂ ਜਾਣਾ ਤੇ ਨਾਂ ਕੋਈ ਗਲ ਬਾਤ ਕਰਨੀ ਹੈ।

ਇੰਦਰਜੀਤ--ਹਛਾ ਇਹ ਦਸੋ ਕਿ ਅਸੀ ਓਨਾਂ ਦੇ ਪਾਸ ਜਾ ਸਕਦੇ ਹਾਂ ਕਿ ਨਹੀਂ ?

ਬੁਢਾ--ਓਨਾਂ ਦੇ ਪਾਸ ਜਾਣਾ ਜਾਂ ਨਾ ਜਾਣਾ ਤੁਹਾਡੀ ਇਛਾ ਤੇ ਹੈ ਨਾਂ ਮੈਂ ਕੋਈ ਰੋਕ ਪਾ ਸਕਦਾ ਹਾਂ ਤੇ ਨਾ ਕੋਈ ਸਲਾਹ ਦੇ ਸਕਦਾ ਹਾਂ ।

ਇੰਦਰਜੀਤ--ਹਛਾ ਉਸ ਬਾਗ ਵਿਚ ਜਾਣ ਦਾ ਰਸਤਾ ਦਸ ਸਕਦੇ ਹੋ ?

ਬੁਢਾ--ਹਾਂ ਮੈਂ ਬੜੀ ਖੁਸ਼ੀ ਨਾਲ ਦਸ ਸਕਦਾ ਹਾਂ ਪਰ ਮੈਂ ਆਪ ਤੁਹਾਡੇ ਨਾਲ ਨਹੀਂ ਜਾ ਸਕਦਾ ਪਰ ਨਾਲ ਹੀ ਇਹ

CC-0. Kashmir Research Institute. Digitized by eGangotri

ਭੀ ਦਸ ਦੇਂਦਾ ਹਾਂ ਕਿ ਬਾਗ ਵਿਚ ਜਾਣਦਾ ਰਸਤਾ ਬੜਾ ਹੀ ਔਖਾ ਤੇ ਵਿੰਗਾ ਟੇਢਾ ਹੈ ਤੇ ਘਟ ਤੋਂ ਘਟ ਇਕ ਪਹਿਰ ਜਰੂਰ ਲੱਗੇਗਾ ਇਸ ਲਈ ਚੰਗੀ ਗਲ ਏਹੋ ਹੈ ਕਿ ਆਪ ਕਮੰਦ ਲਾਕੇ ਕਿਸੇ ਬਾਰੀ ਦੇ ਰਸਤੇ ਹੇਠਾਂ ਉਤਰ ਜਾਓ ਜੇ ਆਪ ਇਸਤਰਾਂ ਕਰਨਾ ਚਾਹੋ ਤਾਂ ਮੈਨੂੰ ਆਗਿਆ ਦੇਵੋ ਮੈਂ ਕਮੰਦ ਲਿਆ ਦੇਵਾਂ?

ਇੰਦਰਜੀਤ—ਹਾਂ ਮੈਂ ਭੀ ਏਹੋ ਚਾਹੁੰਦਾ ਹਾਂ ਤੁਸੀ ਕਮੰਦ ਲਿਆ ਦੇਵੋ।

ਬੁਢਾ—ਦੋਹਾਂ ਕੁਮਾਰਾਂ ਨੂੰ ਉਸੇਤਰਾਂ ਛਡਕੇ ਆਪ ਕਿਤੇ ਚਲਾ ਗਿਆ ਤੇ ਥੋੜੇ ਚਿਰ ਵਿਚ ਹੀ ਕਮੰਦ ਲੈਕੇ ਆ ਪਹੁੰਚਾ।

ਇੰਦਰਜੀਤ—(ਕਮੰਦ ਲੈਕੇ) ਬਸ ਹੁਣ ਅਸੀ ਇਸਦੇ ਸਹਾਰੇ ਉਤਰ ਜਾਂਦੇ ਹਾਂ।

ਬੁਢਾ—ਜਾਓ ਪਰ ਇਹ ਦਸੋ ਕਿ ਆਪ ਕਦੋਂ ਮੁੜ ਆਵੋਗੇ ਤੇ ਮੈਨੂ ਕਦੋਂ ਆਪਨੂੰ ਸੈਰਕਰਾਉਣਦਾ ਸਮਾਂ ਮਿਲੇਗਾ?

ਇੰਦਰਜੀਤ—ਇਹ ਤਾਂ ਮੈਂ ਨਹੀਂ ਕਹਿ ਸਕਦ ਪਰ ਤੁਸੀ ਦਸੋ ਕਿ ਜਦ ਮੈਂ ਮੁੜਕੇ ਆਵਾਂ ਤਾਂ ਕੇਹੜੇ ਰਸਤੇ ਆਵਾਂ।

ਬੁਢਾ—ਏਸੇ ਕਮੰਦ ਨਾਲ ਉਪਰ ਚੜ ਆਓ ਮੈਂ ਤੁਹਾਡੇ ਵਾਸਤੇ ਖਿੜਕੀ ਖੁਲੀ ਰਹਿਣ ਦੇਵਾਂਗਾ।

ਆਨੰਦ—ਚਛਾ ਇਹ ਦਸੋ ਤੁਹਾਨੂੰ ਭੈਰੋਂ ਮਿੰਘ ਦੀ ਕੁਛ ਖਬਰ ਨਹੀਂ ?

ਬੁਢਾ—ਕੁਛ ਭੀ ਨਹੀਂ।

ਇਸਦੇ ਉਪਰੂਤ ਦੋਵੇਂ ਭਰਾ ਖਿੜਕੀ ਖੋਲਕੇ ਕਮੰਦ ਲਾਕੇ ਹੇਠਾਂ ਉਤਰ ਗਏ।

Institute. Digitized by eGangotri

ਜਦ ਇਹ ਦੋਵੇਂ ਹੇਠਾਂ ਉਤਰ ਗਏ ਤਾਂ ਇਨਾਂ ਨੇ ਕਾਂਦ ਲਾਹ ਲਈ ਤੇ ਫਿਰਦੇ ੨ ਉਥੇ ਜਾ ਪਹੁੰਚੇ ਜਿਧਰ ਨਹਿਰ ਦੇ ਕੰਢੇ ਓਹ ਇਸਤ੍ਰੀਆਂ ਬੈਠੀਆਂ ਹੋਈਆਂ ਸਨ ਨਹਿਰ ਦੇ ਪਾਰ ਓਹ ਇਸਤ੍ਰੀਆਂ ਹਰੇ ੨ ਘਾਹ ਤਬੈਠੀਆਂ ਹੋਈਆਂ ਸਨ। ਜੋ ਗਿਣਤੀ ਵਿਚ ਸਤ ਸਨ। ਕਿਸੇ ਓਪਰੇ ਨੂੰ ਆਪਣੇ ਵਲ ਆਉਂਦਾ ਵੇਖਕੇ ਓਹ ਇਸਤ੍ਰੀਆਂ ਉਠ ਖਲੋਤੀਆਂ ਅਰ ਬੜੇ ਕ੍ਰੋਧ ਨਾਲ ਇਨਾਂ ਦੋਹਾਂ ਵਲ ਤਕਣ ਲਗ ਪਈਆਂ।

ਜਿਸ ਥਾਂ ਤੇ ਇਹ ਦੋਵੇਂ ਇਸਤੀਆਂ ਬੈਠੀਆਂ ਹੋਈਆਂ ਸਨ ਓਸ ਤੋਂ ਥੋੜੀ ਹੀ ਦੂਰ ਦੇਖਣ ਵਲ ਬਾਗ ਦੀ ਕੰਧ ਦੇ ਨਾਲ ਹੀ ਇਕ ਛੋਟਾ ਜੇਹਾ ਮਕਾਨ ਭੀ ਸੀ ਜੋ ਸੰਘਣੇ ਬ੍ਰਿਛਾਂ ਦੇ ਵਿਚ ਹੋਣ ਕਰਕੇ ਮਕਾਨ ਦੇ ਉਪਰੋਂ ਨਹੀਂ ਦਿਸਿਆ ਸੀ ਪਰ ਨਹਿਰ ਦੇ ਕੰਢੇ ਆ ਜਾਣ ਕਰਕੇ ਚੰਗੀਤਰਾਂ ਦਿਸਦਾ ਸੀ।

ਓਹ ਇਸਤ੍ਰੀਆਂ ਜਿਨਾਂ ਨੂੰ ਨਹਿਰ ਦੇ ਕੰਢੇ ਕੁਮਾਰਾਂ ਨੇ ਵੇਖਿਆ ਸੀ ਸਾਰੀਆਂ ਹੀ ਜੁਵਾਨ ਤੇ ਸੋਹਣੀਆਂ ਸਨ ਭਾਵੇਂ ਇਸ ਵੇਲੇ ਓਨਾਂ ਨੇ ਕੋਈ ਹਾਰ ਸ਼ਿੰਗਾਰ ਨਹੀਂ ਕੀਤਾ ਹੋਇਆ ਸੀ ਤੇ ਨਾ ਕੋਈ ਗਹਿਣਾ ਹੀ ਪਾਇਆ ਹੋਯਾ ਸੀ ਪਰ ਓਨਾਂ ਦੀ ਦੈਵੀ ਸੁੰਦਰਤਾ ਅਜੇਹੀ ਹੀ ਸੀ ਜੋ ਕਿਸੇ ਹੋਰ ਪਰਕਾਰ ਦੀ ਸੁੰਦਰਤਾ ਨੂੰ ਆਪਣੇ ਅਗੇ ਮਾਤ ਕਰ ਦੇਂਦੀ ਸੀ। ਜੇ ਏਥੇ ਇਕ ਅਧੀ ਇਸਤ੍ਰੀ ਹੁੰਦੀ ਤਾਂ ਓਸਦੀ ਸੁੰਦਰਤਾ ਲਿਖਦੇ ਪਰ ਕਠੀਆਂ ਦੀ ਉਸਤਤ ਤੇ ਉਪਮਾ ਲਿਖਣੀ ਸਾਡੀ ਸਾਮਰਥ ਤੋਂ ਬਾਹਰ ਹੈ।

ਕੌਰ ਇੰਦਰਜੀਤ ਸਿੰਘ ਨੇ ਜਦ ਓਨਾਂ ਨੂੰ ਕ੍ਰੋਧ ਭਰੀ ਨਜਰ ਨਾਲ ਤਕਦਿਆਂ ਵੇਖਿਆ ਤਾਂ ਬੜੀ ਨਰਮ ਤੇ ਗੰਭੀਰ

CC-0. Kashmir Research Institute. Digitized by eGangotri

ਅਵਾਜ਼ ਨਾਲ ਕਿਹਾ:-ਤੁਸੀ ਸਾਡੇ ਵਲ ਕ੍ਰੋਧ ਨਾਲ ਕਿਉਂ ਵੇਖਦੀਆਂ ਹੋ, ਅਸੀ ਤੁਹਾਨੂੰ ਕੋਈ ਦੁਖ ਦੇਣ ਨਹੀਂ ਆਏ ਸਗੋਂ ਇਹ ਕਹਿਣ ਆਏ ਹਾਂ ਕਿ ਸੰਯੋਗ ਵਸ਼ ਅਸੀ ਏਧਰ ਆਗਏ ਹਾਂ ਤੇ ਤੁਹਾਡੇ ਪ੍ਰਾਹੁਣੇ ਬਣ ਗਏ ਹਾਂ ਅਸੀ ਲਚਾਰ ਤੇ ਰਾਹ ਭੁਲੇ ਹੋਏ ਪ੍ਰਦੇਸੀ ਹਾਂ ਤੇ ਤੁਸੀ ਏਥੋਂ ਦੀਆਂ ਰਹਿਣ ਵਾਲੀਆਂ ਤੇ ਦਇਆਵਾਨ ਹੋ ਕਿਉਂਕਿ ਜਿਸ ਈਸ਼ੂਰ ਨੇ ਤੁਹਾਨੂੰ ਏਤਨਾ ਸੁੰਦਰ ਬਣਾਕੇ ਆਪਣੀ ਕਾਰੀਗਰੀ ਦਾ ਪ੍ਰਤੱਖ ਨਮੂਨਾ ਦਰਸਾਯਾ ਹੈ ਓਹ ਤੁਹਾਡੇ ਮਨ ਨੂੰ ਕਠੋਰ ਬਣਾਕੇ ਕਦੇ ਭੀ ਆਪਣੀ ਭੁਲ ਦਾ ਪਤਾ ਨਾ ਦੇਵੇਗਾ ਸੋ ਤੁਹਾਨੂੰ ਚਾਹੀਦਾ ਹੈ ਕਿ ਸਾਡੀ ਸਹਾ-ਕਰੋ ਤੇ ਦਸੋ ਕਿ ਅਸੀ ਦੋਵੇਂ ਭਰਾ ਹੁਣ ਕੀ ਕਰੀਏ ਤੇ ਕਿੱਧਰ ਜਾਈਏ ?

ਇਸਤ੍ਰੀਆਂ ਦਾ ਮਨ ਨਰਮ ਹੁੰਦਾ ਹੀ ਹੈ ਕੋਰ ਇੰਦਰਜੀਤ ਸਿੰਘ ਦੀਆਂ ਮਿਠੀਆਂ ੨ ਉਸਤਤ ਭਰੀਆਂ ਗਲਾਂ ਸੁਣਕੇ ਓਨਾਂ ਦੀਆਂ ਤੀਊੜੀਆਂ ਹਟ ਗਈਆਂ ਤੇ ਹੋਠਾਂ ਤੇ ਹਾਸਾ ਨਜ਼ਰ ਆਉਣ ਲਗ ਪਿਆ। ਇਕ ਨੇ ਜੋ ਸਭਨਾਂ ਤੋਂ ਵਧੀਕ ਚੰਚਲ ਤੇ ਚਾਲਾਕ ਨਜਰ ਆਉਂਦੀ ਸੀ ਅਗੇ ਹੋਕੇ ਇੰਦਰ ਜੀਤ ਸਿੰਘ ਨੂੰ ਕਿਹਾ ਕਿ ਜਦ ਆਪ ਸਾਡੇ ਪ੍ਰਾਹੁਣੇ ਬਣਦੇ ਹੋ ਤੇ ਨਿਸਚਾ ਕਰਾਉਂਦੇ ਹੋ ਕਿ ਆਪ ਸਾਡੇ ਨਾਲ ਧੋਖਾ ਨਹੀਂ ਕਰੋਗੇ ਤਾਂ ਸਾਨੂੰ ਭੀ ਜਰੂਰੀ ਹੈ ਕਿ ਆਪਨੂੰ ਆਪਣਾ ਪ੍ਰਾਹੁਣਾ ਮੰਨਕੇ ਜਿਥੋਂ ਤਕ ਹੋਸਕੇਗਾ ਆਪਦੀ ਸੇਵਾ ਤੇ ਸਹਾਇਤਾ ਕਰੀਏ। ਹਣਾ ਠਹਿਰੋ ਅਸੀ ਇਕ ਸਲਾਹ ਕਰ ਲਈਏ।

ਇਹ ਕਹਿਕੇ ਓਹਇਸਤ੍ਰੀ ਚੁਪ ਹੋਗਈ ਤੇ ਫੇਰ ਸਾਰੀਆਂ

Institute. Digitized by eGangotri

ਆਪਸ ਵਿਚ ਹੌਲੀ ੨ ਗਲਾਂ ਕਰਨ ਲਗ ਪਈਆਂ । ਫੇਰ ਉਸੇ ਇਸਤ੍ਰੀ ਨੇ ਇੰਦਰਜੀਤ ਸਿੰਘ ਵਲ ਵੇਖਕੇ ਕਿਹਾ:-(ਹਥ ਦੀ ਸੈਨਤ ਕਰਕੇ) ਉਸ ਪਾਸੇ ਇਕ ਛੋਟਾ ਜਿਹਾ ਪੁਲ ਹੈ ਉਸਦੇ ਉਪਰੋਂ ਦੀ ਹੋਕੇ ਚਲੋ ਆਓ।

ਇੰਦਰਜੀਤ-ਕੀ ਇਸ ਨਹਿਰ ਵਿਚ ਪਾਣੀ ਬਹੁਤ ਹੈ ?

ਇਸਤ੍ਰੀ-ਨਹੀਂ, ਪਰ ਇਸ ਵਿਚ ਲੋਹੇ ਦੇ ਤੇਜ ਨੋਕਾਂ ਵਾਲੇ ਕੰਢੇ ਤੇ ਸੂਲਾਂ ਬਹੁਤ ਸੁਟੇ ਹੋਏ ਹਨ ਇਸ ਵਾਸਤੇ ਏਧਰੋਂ ਦੀ ਲੰਘਣਾ ਔਖਾ ਹੈ।

ਇੰਦਰਜੀਤ-ਹਛਾ ਅਸੀ ਪੁਲ ਦੇ ਉਪਰੋਂ ਦੀ ਹੀ ਆਉਂਦੇ ਹਾਂ ।

ਇਹ ਕਹਿਕੇ ਦੋਵੇਂ ਕੁਮਾਰ ਉਸ ਪਾਸੇ ਤੁਰ ਪਏ ਜਿਧਰ ਹਥ ਦੀ ਸੈਨਤ ਨਾਲ ਉਸ ਇਸਤ੍ਰੀ ਨੇ ਦਸਿਆ ਸੀ ਥੋੜੀ ਹੀ ਦੂਰ ਜਾਣ ਤੇ ਸੰਘਣੇ ਬ੍ਰਿਛਾਂ ਦੇ ਹੇਠ ਇਕ ਛੋਟਾ ਜੇਹਾ ਪੁਲ ਨਜਰ ਆਇਆ ਜਿਸਦੇ ਉਪਰ ਚੌਹੀਂ ਪਾਸੀਂ ਵੇਲਾਂ ਚੜ੍ਹੀਆਂ ਹੋਈਆਂ ਸਨ। ਇਸ ਥਾਂ ਤੋਂ ਨਾ ਕੁਮਾਰ ਉਨਾਂ ਇਸਤ੍ਰੀਆਂ ਨੂੰ ਵੇਖ ਸਕਦੇ ਸੀ ਤੇ ਨਾ ਓਹ ਇਸਤ੍ਰੀਆਂ ਇਨਾਂ ਨੂੰ ਦੇਖ ਸਕਦੀਆਂ ਸਨ।

ਦੋਵੇਂ ਕੁਮਾਰ ਪੁਲ ਦੇ ਉਪਰੋਂ ਦੀ ਜਦ ਉਥੇ ਪਹੁੰਚੇ ਜਿਥੇ ਓਹ ਇਸਤ੍ਰੀਆਂ ਸਨ ਤਾਂ ਕੇਵਲ ਦੋ ਇਸਤ੍ਰੀਆਂ ਨਜਰ ਆਈਆਂ ਇਕ ਤਾਂ ਓਹੋ ਸੀ ਜਿਸ ਨਾਲ ਇਹ ਗਲਾਂ ਕਰਦੇ ਰਹੇ ਸਨ ਤੇ ਦੂਸਰੀ ਉਮਰ ਵਿਚ ਉਸਤੋਂ ਕੁਛ ਛੋਟੀ ਸੀ ਪਰ ਸੁੰਦਰਤਾ ਵਿਚ ਵਧੀਕ ਸੀ। ਬਾਕੀ ਦੀਆਂ ਇਸਤ੍ਰੀਆਂ ਦਾ ਕੁਛ ਪਤਾ

CC-0. Kashmir Research Institute. Digitized by eGangotri

ਨਹੀਂ ਸੀ । ਕੌਰ ਇੰਦਰਜੀਤ ਸਿੰਘ ਨੇ ਅਚੰਭਿਤ ਹੋਕੇ ਕਿਹਾ ਤੁਹਾਡੇ ਦੋਹਾਂ ਦੇ ਬਿਨਾਂ ਹੋਰ ਏਥੇ ਕੋਈ ਨਹੀਂ ਦਿਸਦਾ ਓਹ ਬਾਕੀ ਦੀਆਂ ਕਿਧਰ ਗਈਆਂ ?

ਇਸਤ੍ਰੀ—ਆਪਨੂੰ ਓਨਾਂ ਇਸਤ੍ਰੀਆਂ ਨਾਲ ਕੀ ਪ੍ਰਯੋਜਨ?

ਇੰਦਰਜੀਤ—ਨਹੀਂ ਐਵੇਂ ਹੀ ਪੁਛਿਆ ਹੈ ?

ਇਸਤ੍ਰੀ—(ਹਸਦੀ ਹੋਈ) ਓਹ ਸਾਰੀਆਂ ਆਪਦੋਹਾਂਭਰਾਵਾਂ ਦੀ ਪਰਾ ਣਚਾਰੀ ਦੇ ਪ੍ਰਬੰਧ ਵਿਚ ਲਗੀਆਂ ਹਨ। ਹੁਣ ਆਪ ਮੇਰੇ ਨਾਲ ਚਲੋ ।

ਇੰਦਰਜੀਤ-ਕਿਥੇ ਲੈ ਜਾਓਗੀ ?

ਇਸਤ੍ਰੀ ਜਿਥੇ ਮੇਰੀ ਮਰਜੀ, ਜਦ ਆਪ ਸਾਡੇ ਪਰਾਹੁਣੇ ਹੋਚੁਕੇ ਹੋ ਫੇਰ.....।

ਇੰਦਰਜੀਤ—ਹਛਾ ਚਲੋ ਜਿਥੇ ਤੁਹਾਡੀ ਮਰਜੀ ਹੋਵੇ ਸੋ ਲੈ ਚਲੋ।

ਦੋਵੇਂ ਕੁਮਾਰ ਉਸ ਇਸਤ੍ਰੀ ਦੇ ਪਿਛੇ ੨ ਤੁਰ ਪਏ ਅਸੀਂ ਇਹ ਲਿਖ ਚੁਕੇ ਹਾਂ ਕਿ ਜਿਥੇ ਇਹ ਬੈਠੀਆਂ ਹੋਈਆਂ ਸਨ ਓਥੇ ਥੋੜੀ ਹੀ ਦੂਰ ਇਕ ਮਕਾਨ ਸੀ। ਓਹ ਦੋਵੇਂ ਇਸਤ੍ਰੀਆਂ ਕੁਮਾਰਾਂ ਨੂੰ ਲੈਕੇ ਉਸੇ ਮਕਾਨ ਦੇ ਬੂਹੇ ਅਗੇ ਪਹੁੰਚੀਆਂ ਜੋ ਇਸ ਵੇਲੇ ਬੰਦ ਸੀ ਪਰ ਕੋਈ ਕੁੰਡਾ ਸੰਗਲੀ ਨਹੀਂ ਸੀ ਪਤਾ ਨਹੀਂ ਜੋ ਕਿਸਤਰਾਂ ਓਨਾਂ ਨੇ ਬੂਹਾ ਖੋਲਿਆ ਬੂਹਾ ਖੁਲਕ ਤੇ ਓਨਾਂ ਨੇ ਦੋਹਾਂ ਕੁਮਾਰਾਂ ਨੂੰ ਅੰਦਰ ਜਾਣ ਲਈ ਕਿਹਾ ਜਦ ਓਹ ਅੰਦਰ ਲੰਘ ਗਏ ਤਦ ਜਨਾਂ ਦੋਹਾਂ ਨੇ ਬੂਹੇ ਦੇ ਅੰਦਰ ਪੈਰ ਰਖਿਆ ਉਪ੍ਰੰਤ ਇਕ ਹਲਕੀ ਓਹੀ ਅਵਾਜ਼ ਦੇਕੇ ਆਪੇ ਬੂਹਾ ਬੰਦ ਹੋਗਿਆ । ਉਸ ਵੇਲੇ ਦੋਹਾਂ

Digitized by eGangotri

ਕੁਮਾਰਾਂ ਨੇ ਆਪਣੇ ਆਪਨੂੰ ਇਕ ਸੁਰੰਗ ਵਿਚ ਵੇਖਿਆ ਜਿਸ ਵਿਚ ਬਹੁਤ ਹਨੇਰਾ ਸੀ ਜਿਸਦੀ ਉਚਾਈ ਕੋਈ ਚਾਰ ਹਥ ਤੇ ਚੌੜਾਈ ਤਿੰਨ ਹਥ ਸੀ। ਇਸ ਥਾਂ ਤੇ ਕੁਮਾਰ ਨੂੰ ਸੋਚ ਆਈ ਕਿ ਕਿਤੇ ਇਨਾਂ ਇਸਤ੍ਰੀਆਂ ਨੇ ਸਾਨੂੰ ਧੋਖਾ ਤਾਂ ਨਹੀਂ ਦਿਤਾ। ਪਰ ਫੇਰ ਇਹ ਸੋਚਕੇ ਚੁਪ ਹੋਗਿਆ ਕਿ ਹਛਾ ਜੋ ਹੋਣਾ ਸੀ ਸੋ ਹੋ ਗਿਆ ਹੁਣ ਇਹ ਦੋਵੇਂ ਭੀ ਤਾਂ ਸਾਡੇ ਨਾਲ ਹੀ ਹਨ ਤੇ ਇਨਾਂ ਦੇ ਪਾਸ ਕੋਈ ਹਥਿਆਰ ਭੀ ਨਜਰ ਨਹੀਂ ਆਉਂਦਾ।

ਦੋਹਾਂ ਕੁਮਾਰਾਂ ਨੇ ਹਥ ਨਾਲ ਕੰਧ ਨੂੰ ਟੋਹਕੇ ਵੇਖਿਆ ਤਾਂ ਸੁਰੰਗ ਨਜਰ ਆਈ ਉਸ ਵੇਲੇ ਪਿਛਲੇ ਪਾਸਿਓਂ ਉਸ ਇਸਤ੍ਰੀ ਦੀ ਅਵਾਜ਼ ਆਈ 'ਆਪ ਕਿਸੇ ਤਰਾਂ ਦੀ ਚਿੰਤਾ ਨਾ ਕਰੋ ਤੇ ਸਿਧੇ ਤੁਰੇ ਚਲੋ ਇਸ ਸੁਰੰਗ ਵਿਚ ਬਹੁਤ ਦੂਰ ਜਾਣ ਦੀ ਔਖਿਆਈ ਨਹੀਂ ਹੋਵੇਗੀ।'

ਵਾਸਤਵ ਵਿਚ ਓਹ ਸੁਰੰਗ ਬਹੁਤ ਵਡੀ ਨਹੀਂ ਸੀ, ਅਜੇ ਕੋਈ ਪੰਜਾਹ ਕਦਮ ਭੀਂ ਨਹੀਂ ਗਏ ਹੋਣਗੇ ਕਿ ਦੂਸਰਾ ਬੂਹਾ ਨਜਰ ਆਇਆ ਜਿਸਨੂੰ ਲੰਘਕੇ ਇੰਦਰਜੀਤ ਸਿੰਘ ਤੇ ਆਨੰਦ ਸਿੰਘ ਨੇ ਆਪਣੇ ਆਪਨੂੰ ਇਕ ਹੋਰ ਹੀ ਬਾਗ ਵਿਚ ਵੇਖਿਆ ਇਸ ਬਾਗ ਵਿਚ ਮਕਾਨ ਬਹੁਤ ਸਨ ਤੇ ਵਿਚਕਾਰ ਛੋਟਾ ਜੇਹਾ ਬਾਗ ਸੀ, ਬਾਗ ਦੇ ਵਿਚਕਾਰ ਇਕ ਛੋਟੀ ਜੇਹੀ ਬਾਵਲੀ ਸੀ ਜਿਸਦੀਆਂ ਚਾਰ ਚਾਰ ਉੱਗਲ ਉਚੀਆਂ ੨ ਸੰਗ ਮਰਮਰ ਦੀਆਂ ਲਹਿਰਦਾਰ ਪੌੜੀਆਂ ਬਣੀਆਂ ਹੋਈਆਂ ਸਨ ਤੇ ਉਸਦੀਆਂ ਚੌਹਾਂ ਨੁਕਰਾਂ ਤੇ ਚਾਰ ਬੋਹੜ ਦੇ ਬ੍ਰਿਛ ਲਗੇ ਹੋਏ ਸਨ ਤੇ ਹਰ ਇਕ ਬੋਹੜ ਦੇ ਹੇਠਾਂ ਸੰਗ ਮਰਮਰ ਦਾ ਥੜਾ ਏਤਨਾ ਵਡਾ ਬਣਿਆ

CC-0. Kashmir Research Institute. Digitized by eGangotri

ਹੋਇਆ ਸੀ ਜਿਸ ਉਪਰ ਵੀਹ ਪੰਝੀਹ ਆਦਮੀ ਖੁਲੇ ਬੈਠ ਜਾਣ ਜੋ ਮਕਾਨ ਬਣੇ ਏ ਸਨ ਓਹ ਬਾਹਰੋਂ ਦੇਖਣ ਵਿਚ ਬਹੁਤ ਹੀ ਸੋਹਣੇ ਜਾਪਦੇ ਸਨ ਪਰ ਅੰਦਰ ਦਾ ਕੁਛ ਪਤਾ ਨਹੀਂ ਸੀ।

ਬਾਵਲੀ ਦੇ ਕੋਲ ਜਾਕੇ ਓਨਾਂ ਇਸਤ੍ਰੀਆਂ ਨੇ ਇੰਦਰਜੀਤ ਸਿੰਘ ਨੂੰ ਕਿਹਾ:-ਭਾਵੇਂ ਇਸ ਵੇਲੇ ਧੁਪ ਬਹੁਤ ਤਿਖੀ ਹੈ ਪਰ ਇਸ ਬੋਹੜ ਦੀ ਛਾਵੇਂ ਬੈਠਣ ਨਾਲ ਆਪਨੂੰ ਕੋਈ ਔਖਿਆਈ ਨਹੀਂ ਹੋਵੇਗੀ ਮੈਂ ਬਹੁਤ ਛੇਤੀ (ਹਥ ਨਾਲ ਸੈਨਤ ਕਰਕੇ) ਉਸ ਕਮਰੇ ਨੂੰ ਖੁਲਵਾਕੇ ਆਪਦੇ ਅਰਾਮ ਲਈ ਪ੍ਰਬੰਧ ਕਰਦੀ ਹਾਂ ਬਸ ਇਕ ਅਧੀ ਘੜੀ ਦੀ ਛਟੀ ਦੇਵੋ।

ਇੰਦਰਜੀਤ-ਹਛਾ ਜਾਓ ਪਰ ਇਹ ਦਸੋ ਕਿ ਤੁਸਾਂ ਦੋਹਾਂ ਦਾ ਨਾਉਂ ਕੀ ਹੈ ਤਾਂਕਿ ਜੇ ਕੋਈ ਆਕੇ ਪੁਛੇ ਤਾਂ ਦਸ ਤਾਂ ਸਕੀਏ ਕਿ ਅਸੀ ਫਲਾਣੇ ਦੇ ਪ੍ਰਾਹੁਣੇ ਹਾਂ।

ਇਸਤ੍ਰੀ-(ਹੱਸਕੇ) ਜਰੂਰ ਨਾਉਂ ਜਾਣਨਾ ਚਾਹੀਦਾ ਹੈ ਕੇਵਲ ਏਸੇ ਲਈ ਹੀ ਨਹੀਂ ਸਗੋਂ ਹੋਰ ਭੀ ਕਈਆਂ ਗਲਾਂ ਲਈ ਸਾਡਾ ਦੋਹਾਂ ਭੇਣਾ ਦਾ ਨਾਉਂ ਜਾਨਣਾ ਆਪਦੇ ਲਈ ਜਰੂਰੀ ਹੈ ਮੇਰਾ ਨਾਉਂ 'ਇੰਦ੍ਰਾਣੀ' ਤੇ ਮੇਰੀ ਇਸ ਭੈਣ ਦਾ ਨਾਉਂ 'ਅਨੰਦੀ' ਹੈ ਏਹ ਮੇਰੀ ਛੋਟੀ ਸੱਕੀ ਭੈਣ ਹੈ।

ਇਹ ਕਹਿਕੇ ਓਹ ਦੋਵੇਂ ਛੇਤੀ ਨਾਲ ਇਕ ਪਾਸੇ ਨੂੰ ਤੁਰ ਪਈਆਂ ਤੇ ਇਸ ਗਲ ਦੀ ਕੁਛ ਉਡੀਕ ਨਾ ਕੀਤੀ ਕਿ ਕੁਮਾਰ ਕੁਛ ਉਤਰ ਦੇਣਗੇ ਜਾਂ ਕਛ ਹੋਰ ਪੁਛਣਗੇ। ਓਨਾਂ ਦੋਹਾਂ ਦੇ ਚਲੇ ਜਾਣਦੇ ਪਿਛੋਂ ਕੋਰ ਆਨੰਦ ਸਿੰਘ ਨੇ ਆਪਣੇ ਭਰਾ ਨੂੰ ਕਿਹਾ:- ਆਪਨੇ ਏਨਾਂ ਦੋਹਾਂ ਦੇ ਨਾਉਂ ਵਲ ਧਿਆਨ ਕੀਤਾ ਹੈ?

Institute. Digitized by eGangotri

ਇੰਦਰਜੀਤ—ਹਾਂ ਜੇ ਇਨਾਂ ਦਾ ਨਾਉਂ ਇਨਾਂ ਦੇ ਵਡਿਆਂ ਦਾ ਰਖਿਆ ਹੋਇਆ ਤੇ ਏਨਾਂ ਦੇ ਸਰੀਰ ਦਾ ਪਹਿਲਾ ਸਾਥੀ ਨਹੀਂ ਹੈ ਤਾਂਕਹਿ ਸਕਦੇ ਹਾਂ ਕਿ ਅਸਾਂ ਦੋਹਾਂ ਨੋ ਧੋਖਾ ਖਾਧਾ ਹੈ।

ਅਨੰਦ-ਜੀ ਹਾਂ ਮੇਰਾ ਭੀ ਏਹੋ ਵਿਚਾਰ ਹੈ। ਪਰ ਨਾਲ ਹੀ ਮੈਂ ਇਹ ਭੀ ਸੋਚਦਾ ਹਾਂ ਕਿ ਹੁਣ ਸਾਨੂੰ ਚਲਾਕ ਬਣਨਾ.....

ਇੰਦਰਜੀਤ-(ਛੇਤੀ ਨਾਲ) ਨਹੀਂ ਨਹੀਂ, ਜਦ ਤਕ ਛੁਟਕਾਰੇ ਦੀ ਕੋਈ ਸੂਰਤ ਨਾ ਹੋਵੇ ਤਦ ਤਕ ਸੂਧੇ ਬਣੇ ਰਹਿਣਾ ਹੀ ਠੀਕ ਹੈ।

ਅਨੰਦ—ਠੀਕ ਹੈ ਪਰ ਇਹ ਤਾਂ ਮੇਰਾ ਮਨ ਭੀ ਕਹਿ ਰਿਹਾ ਹੈ ਕਿ ਇਹ ਸਭ ਸਾਡਾ ਕੁਛ ਵਿਗਾੜ ਨਹੀਂ ਸਕਦੀਆਂ।

ਇੰਦ੍ਰਜੀਤ—ਪਰ ਲੰਗਰ ਵਾਂਗ ਚਲਦੀ ਬੇੜੀ ਨੂੰਅਟਕਾਉਣ ਲਈ ਜਰੂਰ ਬੜਾ ਭਾਰਾ ਹੋਣਗੀਆਂ ਜਿਸਦਾ ਸਹਿਣਾ ਅਸੰਭਵ ਨਹੀਂ ਸਗੋਂ ਐਸੀ ਜਰੂਰ ਹੋਜਾਵੇਗا।

ਅਨੰਦ--ਜੀ ਹਾਂ ਜੇ ਅਸਾਂ ਕੁਛ ਵਿਚਾਰਨਾ ਹੈ ਤਾਂ ਕੇਵਲ ਇਸੇ ਗਲ ਨੂੰ।

ਇੰਦਰਜੀਤ--ਸ਼ੋਕ ਅਜੇਹੇ ਸਮੇਂ ਭੈਰੋਂ ਸਿੰਘ ਸਾਥੋਂ ਵਿਛੜ ਗਿਆ ਅਜੇਹੇ ਸਮੇਂ ਓਸ ਦੀ ਬੁਧ ਅਨੋਖੀ ਵਿਚਾਰ ਦਾਰਦੀ ਹੁੰਦੀ ਹੈ (ਕੁਛ ਠਹਿਰਕੇ) ਹੈਂ ਦੇਖੋ ਤਾਂ ਸਹੀ ਸਾਹਮਣੇ ਕੌਣ ਆਉਂਦਾ ਹੈ ?

ਅਨੰਦ--(ਖੁਸ਼ੀ ਨਾਲ ਭੁੜਕ ਕੇ) ਮਲੂਮ ਤਾਂ ਭੈਰੋਂ ਸਿੰਘ ਹੀ ਹੈ ਜੇ ਇਹ ਵਾਸਤਵ ਵਿਚ ਭੈਰੋਂ ਸਿੰਘ ਹੋਵੇ ਤਾਂ ਕੁਛ ਪਰਵਾਹ ਨਹੀਂ।

CC-0. Kashmir Research Institute. Digitized by eGangotri

ਇਨਾਂ ਤੋਂ ਥੋੜੀ ਹੀ ਦੂਰੋ ਭੈਰੋਂ ਸਿੰਘ ਇਕ ਕੋਠੜੀ ਵਿਚੋਂ ਨਿਕਲਕੇ ਇਨਾਂ ਵਲ ਆ ਰਿਹਾ ਸੀ। ਦੋਵੇਂ ਕੁਮਾਰ ਉਠ ਖਲੋਤੇ ਤੇ ਖੁਸ਼ੀ ੨ ਮਿਲਨ ਲਈ ਭੈਰੋਂ ਸਿੰਘ ਵਲ ਤੁਰ ਪਏ, ਭੈਰੋਂ ਸਿੰਘ ਭੀ ਇਨਾਂ ਨੂੰ ਆਉਂਦੇ ਵੇਖਕੇ ਛੇਤੀ ਨਾਲ ਇਨਾਂ ਵਲ ਤੁਰ ਪਿਆ। ਦੋਹਾਂ ਭਰਾਵਾਂ ਨੇ ਭੈਰੋਂ ਸਿੰਘ ਨੂੰ ਗਲ ਨਾਲ ਲਾਇਆ ਫੇਰ ਉਸਨੂੰ ਨਾਲ ਲੈਕ ਉਸੇ ਥੜੇ ਤੇ ਆ ਬੈਠੇ ਜਿਸ ਤੇ ਇੰਦਰਾਣੀ ਬੈਠਾ ਗਈ ਸੀ।

ਇੰਦਰਜੀਤ--ਭੈਰੋਂ ਸਿੰਘ ਏਹ ਤਲਿਸਮ ਦਾ ਕਾਰਖਾਨਾ ਹੈ ਏਥੇ ਸੋਚ ੨ ਕੇ ਕਦਮ ਰਖਣਾ ਚਾਹੀਦਾ ਹੈ ਸੋ ਜੇ ਮੈਂ ਸੰਦੇਹ ਕਰਕੇ ਤੇਰੀ ਪ੍ਰੀਖਿਆ ਲਵਾਂ ਤਾਂ ਤੈਨੂੰ ਗੁਸੇ ਨਹੀਂ ਹੋਣਾ ਚਾਹੀਦਾ।

ਭੈਰੋਂ--ਨਹੀਂ ਨਹੀਂ ਮੈਂ ਅਜੇਹਾ ਮੂਰਖ ਨਹੀਂ ਹਾਂ ਕਿ ਆਪ ਦੀਆਂ ਬੁਧ ਮਾਨੀ ਤੇ ਚਾਤੁਰੀ ਦੀਆਂ ਗਲ ਤੋਂ ਗੁਸੇ ਹੋ ਜਾਵਾਂ। ਤਲਿਸਮ ਤੇ ਵੈਰੀਆਂ ਦੇ ਘਰ ਵਿਚ ਸਜਨ ਦੀ ਪ੍ਰੀਖਜਾ ਭੀ ਜਰੂਰੀ ਹੈ ਕਛ ਵਾਲਾ ਮੋਹਕਾ ਤੇ ਪਿਠ ਵਾਲਾ ਦਾਗ ਦਿਖਾਉਣ ਦੇ ਉਪ੍ਰੰਤ ਹੋਰ ਬਹੁਤ ਸਾਰੀਆਂ ਗਲਾਂ ਅਜੇਹੀਆਂ ਹਨਜਿਨਾਂ ਨੂੰ ਮੇਰੇ ਤੇ ਆਪਦੇ ਬਿਨਾਂ ਹੋਰ ਕੋਈ ਨਹੀਂ ਜਾਣਦਾ ਜੇਹਾ ਕੁ ਛੋਟਿਆਂ ਹੁੰਦਿਆਂ ਦਾ ਮਜਨੂੰ।

ਇੰਦਰਜੀਤ--(ਹੱਸਕੇ) ਬਸ ਬੰਸ ਹੁਣ ਮੈਨੂੰ ਹੋਰ ਪਰੀਖਜਾ ਕਰਨ ਦੀ ਲੋੜ ਨਹੀਂ ਰਹੀ ਹੁਣ ਇਹ ਦਸੋ ਕਿ ਤੁਹਾਡਾ ਬਟੂਆ ਤੁਹਾਨੂੰ ਮਿਲਿਆ ਹੈ ਕਿ ਨਹੀਂ?

ਭੈਰੋਂ (ਏਯਾਰੀ ਦਾ ਬਟੂਆ ਕੁਮਾਰ ਦੇ ਅਗੇ ਰਖਕੇ) ਆਪਦੇ ਤਲਿਸਮੀ ਖੰਜਰ ਦੇ ਪ੍ਰਤਾਪ ਨਾਲ ਮੇਰਾ ਬਟੂਆ ਮੈਨੂੰ

Digitized by eGangotri

ਮਿਲਗਿਆ ਹੈ ਇਹ ਭੀ ਚੰਗੀ ਗਲ ਹੋਈ ਹੈ ਕਿ ਇਸ ਵਿਚੋਂ ਕੋਈ ਚੀਜ ਗੁੰਮ ਨਹੀਂ ਹੋਈ (ਤਲਿਸਮੀ ਖੰਜਰ ਤੇ ਜੋੜ ਦੀ ਅੰਗੂਠੀ ਅਗੇ ਰਖਕੇ) ਇਹ ਲੋ ਆਪਣਾ ਖ਼ੰਜਰ ਹੁਣ ਮੈਨੂੰ ਇਸਦੀ ਲੋੜ ਨਹੀਂ ਰਹੀ ਮੇਰਾ ਬਟੂਆ ਹੀ ਮੈਨੂੰ ਬਹੁਤ ਹੈ।

(ਅੰਗੂਠੀ ਤੇ ਖੰਜਰ ਲੈਕੇ) ਭਾਵੇਂ ਤੁਹਾਡੀ ਗਲ ਸੁਣਨੀ ਬਹੁਤ ਜਰੂਰੀ ਹੈ ਕਿਉਂਕਿ ਅਸੀ ਤੁਹਾਨੂੰ ਇਕ ਭਾਰੀ ਘਟਨਾ ਦੇ ਅੰਦਰ ਛਡਿਆ ਸੀ ਪਰ ਉਸਤੋਂ ਪਹਿਲਾਂ ਅਸੀਂ ਆਪਣਾ ਹਾਲ ਸੁਣਾਉਣਾ ਜਰੂਰੀ ਸਮਝਦੇ ਹਾਂ ਕਿਉਂਕਿ ਇਕਾਂਤ ਬਹੁਤ ਘਟ ਹੈ ਤੇ ਓਨਾਂ ਦੋਹਾਂ ਇਸਤ੍ਰੀਆਂ ਦੇ ਆਉਣ ਵਿਚ ਭੀ ਕੋਈ ਢਿਲ ਨਹੀਂ ਹੈ ਜਿਨਾਂ ਦੇ ਕਾਰਨ ਅਸੀਂ ਏਥੇ ਆਏ ਹਾਂ ਤੇ ਜਿਨਾਂ ਦੇ ਫੇਰ ਵਿਚ ਪਏ ਹੋਏ ਆਪਨੂੰ ਸਮਝਦੇ ਹਾਂ।

ਭੈਰੋਂ—ਕੀ ਕਿਸੇ ਇਸਤ੍ਰੀ ਨੇ ਆਪਨੂੰ ਧੋਖਾ ਦਿਤਾ ਹੈ ?

ਇੰਦਰਜੀਤ—ਨਿਸਚੇ ਤਾਂ ਨਹੀਂ ਕਹਿ ਸਕਦੇ ਕਿ ਧੋਖਾ ਦਤਾ ਹੈ ਪਰ ਜੋ ਕੁਛ ਹਾਲ ਹੈ ਓਸਨੂੰ ਸੁਣਕੇ ਸਲਾਹ ਦਸ ਕਿ ਅਸੀ ਆਪਣੇ ਆਪਨੂੰ ਧੋਖੇ ਵਿਚ ਫਸਿਆ ਹੋਇਆ ਸਮਝੀਏ ਕਿ ਨਾ ਸਮਝੀਏ ?

ਉਪ੍ਰੰਤ ਇੰਦਰਜੀਤ ਸਿੰਘ ਨੇ ਆਪਣਾ ਸਭ ਹਾਲ ਭੈਰੋਂ ਸਿੰਘ ਦੇ ਵਿਛੜਨ ਤੋਂ ਲੈਕੇ ਹੁਣ ਤਕਦਾ ਸੁਣਾਇਆ ਇਸਦੇ ਉਤਰ ਵਿਚ ਭੈਰੋਂ ਸਿੰਘ ਨੇ ਅਜੇ ਕੁਛ ਕਿਹਾ ਭੀ ਨਹੀਂ ਸੀ ਕਿ ਸਾਹਮਣੇ ਬੂਹੇ ਵਿਚੋਂ ਇੰਦਰਾਣੀ ਇਸੇ ਪਾਸੇ ਆਉਂਦੀ ਦਿਸੀ।

ਇੰਦਰਜੀਤ—(ਭੈਰੋਂ ਨੂੰ) ਲੋ ਔਹ ਆਗਈ ! ਇਕ ਤਾਂ ਏਹੋ ਹੈ ਏਸਦਾ ਨਾਉਂ ਇੰਦਰਾਣੀ ਹੈ ਪਰ ਓਹ ਦੂਸਰੀ

CC-0. Kashmir Research Institute. Digitized by eGangotri

ਇਸਤ੍ਰੀ ਇਸਦੇ ਨਾਲ ਨਹੀਂ ਹੈ ਜਿਸਨੂੰ ਇਹ ਆਪਣੀ ਭੈਣ ਦਸਦੀ ਸੀ ।

ਭੈਰੋਂ–(ਹੈਰਾਨੀ ਨਾਲ ਉਸ ਇਸਤ੍ਰੀ ਵਲ ਦੇਖਕੇ) ।ਇਸ ਨੂੰ ਤਾਂ ਮੈਂ ਪਛਾਣਦਾ ਹਾਂ ਪਰ ਇਹ ਨਹੀਂ ਪਤਾ ਸੀ ਕਿ ਇਸਦਾ ਨਾਉਂ ਇੰਦਰਾਣੀ ਹੈ।

ਇੰਦਰਜੀਤ–ਤੁਸਾਂ ਇਸਨੂੰ ਕਦੋਂ ਦੇਖਿਆ ਸੀ।

ਭੈਰੋਂ–ਬਟੂਆ ਲੈਣ ਵਾਲੀ ਗਲ ਵਿਚ ਏਸਨੇ ਮੇਰੀ ਬੜੀ ਸਹਾਇਤਾ ਕੀਤੀ ਸੀ ਜਦ ਮੈਂ ਆਪਣਾ ਹਾਲ ਆਪਨੂੰ ਸੁਣਾਵਾਂਗਾ ਓਸ ਵੇਲੇ ਪਤਾ ਲਗੇਗਾ ਕਿ ਇਹ ਕੇਹੀ ਨੇਕ ਇਸਤ੍ਰੀ ਹੈ ਪਰ ਇਸਦੀ ਛੋਟੀ ਭੈਣਨੂੰ ਮੈਂ ਨਹੀਂ ਜਾਣਦਾ ਸ਼ਾਇਦ ਕਿਤੇ ਵੇਖਿਆ ਹੋਵੇ।

ਏਤਨੇ ਨੂੰ ਇੰਦਰਾਣੀ ਓਥੇ ਆ ਪਹੁੰਚੀ ਜਿਥੇ ਇਹ ਬੈਠੇ ਗਲਾਂ ਕਰ ਰਹੇ ਸਨ। ਜਿਸਤਰਾਂ ਭੈਰੋਂ ਸਿੰਘ ਨੇ ਇੰਦਰਾਣੀ ਨੂੰ ਵੇਖਦਿਆਂ ਹੀ ਪਛਾਣ ਲਿਆ ਸੀ ਉਸੇਤਰਾਂ ਇੰਦਰਾਣੀ ਨੇ ਭੀ ਭੈਰੋਂ ਸਿੰਘ ਨੂੰ ਵੇਖਦਿਆਂ ਹੀ ਪਛਾਣ ਲਿਆ ਤੇ ਕਿਹਾ ਕੀ ਆਪ ਭੀ ਆ ਪਹੁੰਚੇ ਚੰਗਾ ਹੋਇਆ ਕਿਉਂਕਿ ਆਪਦੇਆਉਣ ਨਾਲ ਦੋਹਾਂ ਕੁਮਾਰਾਂ ਦਾ ਮਨ ਲਗਾ ਰਹੇਗਾ ਤੇ ਇਸਦੇ ਬਿਨਾਂ ਮੇਰੇ ਤੇ ਸੰਦੇਹ ਨਾ ਰਹੇਗਾ।

ਭੈਰੋਂ–ਜੀ ਹਾਂ ਮੈਂ ਭੀ ਆ ਪਹੁੰਚਾ ਹਾਂ ਅਰ ਆਪਨੂੰ ਦੂਰੋਂ ਹੀ ਵੇਖਕੇ ਪਛਾਣ ਲਿਆ ਸੀ ਸਗੋਂ ਕੁਮਾਰਾਂ ਨੂੰ ਭੀ ਕਹਿ ਦਿਤਾ ਸੀ ਕਿ 'ਇਨਾਂ ਨੇ ਮੇਰੀ ਬੜੀ ਸਹਾਇਤਾ ਕੀਤੀ ਸੀ।'

ਇੰਦਰਾਣੀ–ਇਹ ਦਸੋ ਕਿ ਇਸ਼ਨਾਨ ਪੂਜਾ ਤੋਂ ਵੇਹਲੇ

Institute. Digitized by eGangotri

ਹੋ ਚੁਕੇ ਹੋ ਕਿ ਨਹੀਂ ?

ਭੈਰੋਂ—ਹਾਂ ਮੈਂ ਸਭ ਤਰਾਂ ਨਿਸਚਿੰਤ ਹੋ ਚੁਹਾ ਹਾਂ।

ਇੰਦਰਾਣੀ—(ਦੋਹਾਂ ਕੁਮਾਰਾਂ ਨੂੰ) ਆਪ ?

ਇੰਦਰਜੀਤ—ਅਸੀ ਦੋਵੇਂ ਭੀ।

ਇੰਦਰਾਣੀ—ਚੰਗੀ ਗਲ ਹੈ, ਆਪ ਕ੍ਰਿਪਾ ਕਰਕੇ ਉਸ ਕਮਰੇ ਵਿਚ ਚਲੋ ਚਲੋ।

ਭੈਰੋਂ ਸਿੰਘ—ਬਹੁਤ ਹਛਾ ਚਲੋ।

ਭੈਰੋਂ ਸਿੰਘ ਕੌਰ ਇੰਦਰਜੀਤ ਸਿੰਘ ਤੇ ਆਨੰਦ ਸਿੰਘ ਉਸ ਕਮਰੇ ਵਿਚ ਗਏ ਜੋ ਇੰਦਰਾਣੀਨੇ ਇਨਾਂ ਦੇ ਵਾਸਤੇ ਖੋਲਿਆ ਸੀ ਕੁਮਾਰ ਨੇ ਇਸ ਕਮਰੇ ਨੂੰ ਬਹੁਤ ਪਸੰਦ ਕੀਤਾ ਕਿਉਂਕਿ ਓਹ ਬਹੁਤ ਹੀ ਸੁੰਦਰ ਬਣਿਆ ਹੋਇਆ ਤੇ ਸਜਿਆ ਹੋਇਆ ਸੀ ਉਸਦੀ ਛੱਤ ਬਹੁਤਉੱਚੀ ਤੇ ਰੰਗੀਲ ਸੀ, ਕੰਧਾਂ ਤੇ ਚਿਤਰਕਾਰਾਂ ਨੇ ਅਤਯੰਤ ਸੁੰਦਰ ਚਿਤਰਕਾਰੀ ਕੀਤੀ ਹੋਈ ਸੀ, ਕੁਲ ਕੰਧਾਂ ਤੇ ਜੰਗਲ, ਪਹਾੜ, ਖੋਹ, ਘਾਟੀ, ਕੰਦਰਾ ਤੇ ਸ਼ਿਕਾਰਗਾਹ ਦੀਆਂ ਮੂਰਤਾਂ ਬਣੀਆਂ ਹੋਈਆਂ ਸਨ, ਕਿਤੇ ੨ ਜੰਗਲੀ ਜਨੌਰਾਂ ਦੀਆਂ ਮੂਰਤਾ ਅਜੇਹੇ ਥਾਂ ਬਣੀਆਂ ਹੋਈਆਂ ਸਨ ਕਿ ਸਚੀਆਂ ਮਲੂਮ ਹੁੰਦੀਆਂ ਸਨ ਇਨਾਂ ਦੇ ਬਿਨਾਂ ਹੋਰ ਬਹੁਤ ਸਾਰੀਆਂ ਕਾਗਤਾਂ ਤੇ ਕਪੜਿਆਂ ਤੇ ਲਿਖੀਆਂ ਹੋਈਆਂ ਮੂਰਤਾਂ ਲਗੀਆਂ ਹੋਈਆਂ ਸਨ ਤੇ ਓਹ ਮੂਰਤਾਂ ਅਜੇਹੀਆਂ ਸੁੰਦਰ ਇਸਤ੍ਰੀਆਂ ਦੀਆਂ ਅਨੋਖੇ ਹਾਵ ਭਾਵਾਂ ਨਾਲ ਬਣੀਆਂ ਹੋਈਆਂ ਸਨ ਕਿ ਦੇਖਣ ਵਾਲਾ ਪ੍ਰੇਮ ਨਾਲ ਉਨਮਤ ਹੋ ਜਾਂਦਾ ਸੀ. ਉਨਾਂ ਮੂਰਤਾਂ ਵਿਚ ਹੀ ਆਨੰਦੀ ਤੇ ਇੰਦਰਾਣੀ ਦੀ ਮੂਰਤ ਭੀ ਸੀ ਜਿਸਨੂੰ ਦੇਖਦਿਆਂ ਹੀ ਕੌਰ ਇੰਦਰ

CC-0. Kashmir Research Institute. Digitized by eGangotri

ਜੀਤ ਸਿੰਘ ਮੁਸ਼ਕਰਾ ਪਏ ਤੇ ਬੋਲੇ ਦੇਖੋ ਇਹ ਮੂਰਤ ਇੰਦਰਾਣੀ ਦੀ ਤੇ ਇਹ ਉਸਦੀ ਭੈਣ ਆਨੰਦੀ ਦੀ ਹੈ ਜਿਸਨੂੰ ਤਾਂ ਤੂੰ ਨਹੀਂ ਵੇਖਿਆ ਹੋਵੇਗਾ ?

ਭੈਰੋਂ—ਜੀ ਇਸਦੀ ਛੋਟੀ ਭੈਣ ਨੂੰ ਤਾਂ ਮੈਂ ਨਹੀਂ ਵੇਖਿਆ।

ਇੰਦਰਜੀਤ-ਜੇਹੀ ਆਪ ਸੁੰਦਰ ਹ ਮੂਰਤ ਭੀ ਠੀਕ ਓਹੋ ਜੇਹੀ ਬਣੀ ਹੋਈ ਹੈ (ਇੰਦਰਾਣੀ ਵਲ ਦੇਖਕੇ) ਪਰ ਹੁਣ ਸਾਨੂੰ ਮੂਰਤ ਵੇਖਣ ਦੀ ਕੋਈ ਲੋੜ ਨਹੀਂ।

ਇੰਦਰਾਣੀ—(ਹੱਸਕੇ) ਬਸ਼ਕ ਕਿਉਂਕਿ ਹੁਣ ਆਪ ਸੁਤੰਤਰ ਤੇ ਮੁੰਡੇ ਨਹੀਂ ਰਹੇ।

ਇੰਦਰਾਣੀ ਦਾ ਉੱਤਰ ਸੁਣਕੇ ਭੈਰੋਂ ਸਿੰਘ ਖਿੜ ਖਿੜਾਕੇ ਹੱਸ ਪਿਆ ਅਰ ਆਨੰਦ ਸਿੰਘ ਨੇ ਭੀ ਬੜੀ ਔਖਿਆਈ ਨਾਲ ਆਪਣਾ ਹਾਸਾ ਰੋਕਿਆ।

ਇਸ ਕਮਰੇ ਵਿਚ ਬਹੁਤ ਸਾਰੀਆਂ ਬਲੌਰੀ ਹਾਂਡੀਆਂ ਤੇ ਝਾੜ ਲਗੇ ਹੋਏ ਸਨ। ਬੜੇਸੋਹਣੇ ਤੇ ਵਡਮੁਲੇ ਫਰਸ਼ ਤੇ ਚਾਦੀਆਂ ਦੇ ਬਿਨਾਂ ਚਾਂਦੀ ਸੋਨੇ ਦੀਆਂ ਕਈ ਕੁਰਸੀਆਂ ਪਈਆਂ ਹੋਈਆਂ ਸਨ ਜਿਨਾਂ ਨੂੰ ਦੇਖਕ ਕੌਰ ਇੰਦਰਜੀਤ ਸਿੰਘ ਤੇ ਆਨੰਦ ਸਿੰਘ ਨੇ ਸੋਨੇ ਦੀ ਕੁਰਸੀ ਤੇ ਬੈਠਣ ਦੀ ਸਲਾਹ ਕੀਤੀ ਪਰ ਇੰਦ੍ਰਾਣੀ ਨੇ ਬੜੀ ਸਭਜਤਾ ਨਾਲ ਰੋਕਕੇ ਕਿਹਾ—'ਪਹਿਲੇ ਆਪ ਭੋਜਨ ਕਰ ਲਵੋ ਸਭ ਸਮਾਨ ਤਿਆਰ ਹੈ ਤੇ ਠੰਢਾ ਹੋ ਰਿਹਾ ਹੈ।

ਇੰਦਰਜੀਤ—ਭੋਜਨ ਕਰਨ ਦੀ ਤਾਂ ਇਛਾ ਨਹੀਂ ਹੈ।

ਇੰਦਰਾਣੀ—(ਉਦਾਸ ਮੂੰਹ ਬਣਾਕੇ) ਤਾਂ ਫੇਰ ਆਪ ਸਾਡੇ ਪ੍ਰਾਹੁਣੇ ਕਿਉਂ ਬਣੇ ਸੀ ? ਕੀ ਹੁਣ ਆਪ ਆਪਣੇ ਆਪਨੂੰ ਝੂਠਾ

Institute. Digitized by eGangotri

ਬਣਾਉਣਾ ਚਾਹੁੰਦੇ ਹੋ ? ਗਲ ਕੀ ਇੰਦ੍ਰਾਣੀ ਨੇ ਕੁਮਾਰ ਨੂੰ ਸਭ ਤਰਾਂ ਬੇ ਵਸ ਕਰਕੇ ਭੋਜਨ ਕਰਨ ਲਈ ਤਿਆਰ ਕਰ ਲਿਆ। ਇਸ ਕਮਰੇ ਵਿਚ ਇਕ ਛੋਟਾ ਜਿਹਾ ਬੂਹਾ ਦੂਸਰੇ ਕਮਰੇ ਵਿਚ ਜਾਣ ਲਈ ਬਣਿਆਂ ਹੋਇਆ ਸੀ, ਦੋਹਾਂ ਕੁਮਾਰਾਂ ਨੂੰ ਤੇ ਭੈਰੋਂ ਸਿੰਘ ਨੂੰ ਲੈਕੇ ਇੰਦ੍ਰਾਣੀ ਦੂਸਰੇ ਕਮਰੇ ਵਿਚ ਪਹੁੰਚੀ ਇਹ ਕਮਰਾ ਬਹੁਤ ਛੋਟਾ ਤੇ ਰਾਜਿਆਂ ਦੀ ਪੂਜਾ ਪਾਠ ਤੇ ਭੋਜਨ ਲਈ ਬਣਿਆਂ ਹੋਇਆ ਸੀ। ਕੁਮਾਰ ਨੇ ਦੇਖਿਆ ਕਿ ਸੋਨੇ ਚਾਂਦੀ ਦੇ ਭਾਂਡਿਆਂ ਵਿਚ ਕਈ ਪ੍ਰਕਾਰ ਦੇ ਭੋਜਨ ਪਏ ਹਨ ਤੇ ਹਥ ਵਿਚ ਪੱਖਾ ਲਈ ਅਨੰਦੀ ਖਲੋਤੀ ਹੋਈ ਹੈ। ਇੰਦ੍ਰਾਣੀ ਨੇ ਅਨੰਦੀ ਦੇ ਹਥੋਂ ਪੱਖਾ ਲੈ ਲਿਆ ਤੇ ਕਿਹਾ ਭੈਰੋਂ ਸਿੰਘ ਭੀ ਆ ਗਿਆ ਹੈ ਉਸਦੇ ਵਾਸਤੇ ਭੀ ਭੋਜਨ ਲੈ ਆ।

ਅਨੰਦੀ ਤੁਰਤ ਚਲੀ ਗਈ ਤੇ ਥੋੜੇ ਹੀ ਚਿਰ ਪਿਛੋਂ ਕਈ ਇਸਤ੍ਰੀਆਂ ਦੇ ਨਾਲ ਭੋਜਨ ਦੀ ਸਾਮੱਗਰੀ ਲੈਕੇ ਆਗਈ ਤੇ ਹਰ ਇਕ ਚੀਜ਼ ਥਾਂ ਸਿਰ ਰਖਕੇ ਓਹਨਾਂ ਇਸਤ੍ਰੀਆਂ ਨੂੰ ਵਿਦਾ ਕਰ ਦਿੱਤਾ।

ਦੋਵੇਂ ਕੁਮਾਰ ਤੇ ਭੈਰੋਂ ਸਿੰਘ ਭੋਜਨ ਕਰਨ ਬੈਠੇ, ਉਸ ਵੇਲੇ ਇੰਦ੍ਰਜੀਤ ਸਿੰਘ ਨੇ ਭੇਤ ਭਰੀ ਨਜ਼ਰ ਨਾਲ ਭੈਰੋਂ ਸਿੰਘ ਵਲ ਦੇਖਿਆ ਤੇ ਉਸਨੇ ਭੀ ਇਸ਼ਾਰੇ ਵਿਚ ਬੇਪਰਵਾਹੀ ਜਤਾਈ। ਇਸ ਗਲ ਨੂੰ ਇੰਦ੍ਰਾਣੀ ਤੇ ਅਨੰਦੀ ਨੇ ਭੀ ਤਾੜ ਲਿਆ ਕਿ 'ਏਹਨਾਂ ਨੂੰ ਭੋਜਨ ਵਿਚ ਬੇਹੋਸ਼ੀ ਦੀ ਦਵਾ ਦਾ ਸ਼ੰਦੇਹ ਹੋਇਆ ਹੈ' ਪਰ ਕੁਛ ਬੋਲਣਾ ਉਚਿਤ ਨਾ ਸਮਝ ਕੇ ਚੁਪ ਹੋ ਰਹੀਆਂ। ਜਦ ਤਕ ਦੋਵੇਂ ਕੁਮਾਰ ਭੋਜਨ ਕਰਦੇ ਰਹੇ ਅਨੰਦੀ ਪੱਖਾ ਝਲਦੀ

CC-0. Kashmir Research Institute. Digitized by eGangotri

ਰਹੀ, ਓਹਨਾਂ ਦੇ ਵਰਤਾਉ ਨੂੰ ਦੇਖਕੇ ਦੋਵੇਂ ਕੁਮਾਰ ਬਹੁਤ ਹੀ ਪ੍ਰਸੰਨ ਹੋਏ ਤੇ ਮਨ ਵਿਚ ਕਹਿਣ ਲਗੇ ਕਿ ਇਹ ਦੋਵੇਂ ਜਿਤਨੀਆਂ ਸੋਹਨੀਆਂ ਹਨ ਉਤਨੀਆਂ ਹੀ ਨੇਕ ਭੀ ਹਨ, ਓਹ ਬੜੇ ਹੀ ਭਾਗਾਂ ਵਾਲੇ ਹੋਣਗੇ ਜਿਨ੍ਹਾਂ ਦੇ ਨਾਲ ਇਹ ਵਿਆਹੀਆਂ ਜਾਣਗੀਆਂ (ਕਿਉਂਕਿ ਓਹ ਦੋਵੇਂ ਕੁਵਾਰੀਆਂ ਮਾਲੂਮ ਹੁੰਦੀਆਂ ਸਨ ।)

ਭੋਜਨ ਸਮਾਪਤ ਹੋਣ ਦੇ ਪਿਛੋਂ ਅਨੰਦੀ ਨੇ ਦੋਹਾਂ ਕੁਮਾਰਾਂ ਦੇ ਤੇ ਭੈਰੋਂ ਸਿੰਘ ਦੇ ਹਥ ਧੁਵਾਏ ਉਪਰੰਤ ਇੰਦ੍ਰਜੀਤ ਸਿੰਘ, ਅਨੰਦ ਸਿੰਘ ਤੇ ਭੈਰੋਂ ਸਿੰਘ, ਇੰਦ੍ਰਾਣੀ ਤੇ ਅਨੰਦੀ ਮੁੜ ਉਸੇ ਪਹਿਲੇ ਕਮਰੇ ਵਿਚ ਆਗਏ । ਇੰਦ੍ਰਾਣੀ ਨੇ ਕੌਰ ਇੰਦ੍ਰਜੀਤ ਸਿੰਘ ਨੂੰ ਕਿਹਾ ਕਿ ਹੁਣ ਆਪ ਕੁਛ ਚਿਰ ਅਰਾਮ ਕਰੋ ਤੇ ਸਾਨੂੰ ਛੁੱਟੀ ਦੇਵੋ ।

ਇੰਦ੍ਰਜੀਤ—ਮੇਰਾ ਮਨ ਤਾਂ ਤੁਹਾਡਾ ਹਾਲ ਜਾਣਨ ਲਈ ਵਿਆਕੁਲ ਹੋ ਰਿਹਾ ਹੈ ਇਸ ਲਈ ਮੈਂ ਨਹੀਂ ਚਾਹੁੰਦਾ ਕਿ ਤੁਸੀ ਇਕ ਪਲ ਭਰ ਵਾਸਤੇ ਭੀ ਕਿਤੇ ਜਾਓ, ਜਦ ਤਕ ਕਿ ਤੁਸੀ ਮੇਰੀਆਂ ਗਲਾਂ ਦਾ ਪੂਰਾ ੨ ਉੱਤਰ ਨਾ ਦੇ ਲਵੋ, ਪਰ ਪਹਿਲਾਂ ਇਹ ਦਸੋ ਕਿ ਤੁਸਾਂ ਭੋਜਨ ਕੀਤਾ ਹੈ ਕਿ ਨਹੀਂ ?

ਇੰਦ੍ਰਾਣੀ—ਜੀ ਅਜੇ ਤਾਂ ਭੋਜਨ ਨਹੀਂ ਕੀਤਾ, ਅਗੇ ਜਿਵੇਂ ਆਪ ਦੀ ਮਰਜੀ ।

ਇੰਦ੍ਰਜੀਤ—ਤਦ ਮੈਂ ਨਹੀਂ ਰੋਕ ਸਕਦਾ, ਪਰ ਇਸ ਗਲ ਦਾ ਇਕਰਾਰ ਕਰਾ ਲਵਾਂਗਾ ਕਿ ਇਕ ਘੰਟੇ ਦੇ ਅੰਦਰ ੨ ਤੁਸੀ ਆ ਜਾਵੋਗੀਆਂ ਤੇ ਮੈਨੂੰ ਉਡੀਕ ਦੇ ਦੁਖ ਵਿਚ ਨਾ ਪਾਵੋਗੀਆਂ ?

ਇੰਦ੍ਰਾਣੀ—ਜੀ ਮੈਂ ਇਕਰਾਰ ਕਰਦੀ ਹਾਂ ਕਿ ਘੰਟੇ ਭਰ

Digitized by eGangotri

ਦੇ ਅੰਦਰ ਹੀ ਅੰਦਰ ਮੈਂ ਆਪ ਦੀ ਸੇਵਾ ਵਿਚ ਆ ਜਾਵਾਂਗੀ। ਇਹ ਕਹਿਕੇ ਅਨੰਦੀ ਨੂੰ ਨਾਲ ਲੈਕੇ ਇੰਦ੍ਰਾਣੀ ਚਲੀ ਗਈ ਤੇ ਦੋਹਾਂ ਕੁਮਾਰਾਂ ਅਤੇ ਭੈਰੋਂ ਸਿੰਘ ਨੂੰ ਗਲਾਂ ਕਰਨ ਦਾ ਸਮਾਂ ਮਿਲ ਗਿਆ।

ਛੀਵਾਂ ਕਾਂਡ

ਇੰਦਰਾਣੀ ਤੇ ਅਨੰਦੀ ਦੇ ਚਲੇ ਜਾਣ ਦੇ ਪਿਛੋਂ ਕੌਰ ਇੰਦ੍ਰਜੀਤ ਸਿੰਘ, ਅਨੰਦ ਸਿੰਘ ਤੇ ਭੈਰੋਂ ਸਿੰਘ ਆਪਸ ਵਿਚ ਗਲਾਂ ਕਰਨ ਲਗ ਪਏ। ਇੰਦ੍ਰਜੀਤ ਸਿੰਘ ਨੇ ਭੈਰੋਂ ਸਿੰਘ ਨੂੰ ਕਿਹਾ ਕਿ ਜੋ ਗਲ ਮੈਂ ਇੰਦ੍ਰਾਣੀ ਤੋਂ ਪੁਛਣੀ ਚਾਹੁੰਦਾ ਸਾਂ ਉਸਦਾ ਤਾਂ ਸਮਾਂ ਹੀ ਨਹੀਂ ਮਿਲਿਆ ਕਿ ਤੁਸੀ ਕੌਣ ਹੋ ਤੇ ਕਿਥੋਂ ਦੀਆਂ ਰਹਿਣ ਵਾਲੀਆਂ ਹੋ ਤੇ ਕਿਸ਼ੋਰੀ ਕਾਮਨੀ ਆਦਿਕ ਕਿੱਥੇ ਹਨ? ਤੇ ਓਹ ਕਿਸਤਰਾਂ ਮਿਲ ਸਕਦੀਆਂ ਹਨ।

ਆਨੰਦ—(ਭੈਰੋਂ ਨੂੰ) ਇਸ ਗੱਲ ਦਾ ਕੁਛ ੨ ਪਤਾ ਤਾਂ ਤੁਸੀ ਭੀ ਦੱਸ ਸਕੋਗੇ ਕਿਉਂਕਿ ਸਾਥੋਂ ਪਹਿਲੋਂ ਇੰਦ੍ਰਾਣੀ ਦੇ ਜਾਣੂੰ ਹੋ ਚੁੱਕੇ ਹੋ ਅਰ ਅਜੇਹੀਆਂ ਥਾਵਾਂ ਹੋ ਆਏ ਹੋ ਜਿੱਥੇ ਅਜੇ ਤੱਕ ਅਸੀਂ ਨਹੀਂ ਗਏ।

ਇੰਦ੍ਰਜੀਤ—ਹਾਂ ਪਹਿਲਾਂ ਤੁਸੀ ਆਪਣਾ ਹਾਲ ਸੁਣਾਓ।

ਭੈਰੋਂ—ਹਾਂ ਸੁਣੋਂ, ਆਪਣਾ ਬਟੂਆ ਲੈਣ ਲਈ ਜਿਉਂ ਹੀ ਮੈਂ ਅੱਗੇ ਹੋਇਆ ਤੇ ਲਲਕਾਰਾ ਮਾਰਿਆ ਕਿ ਮੈਂ ਆਪ ਭੈਰੋਂ

CC-0. Kashmir Research Institute. Digitized by eGangotri

ਸਿੰਘ ਆ ਪਹੁੰਚਾ ਹਾਂ ਕਿ ਏਤਨੇ ਨੂੰ ਓਹ ਬੂਹਾ ਜਿਸ ਰਸਤੇ ਮੈਂ ਆਇਆ ਸਾਂ ਬੰਦ ਹੋਗਿਆ, ਭਾਵੇਂ ਉਸ ਵਲੇ ਮੈਨੂੰ ਕੁਛ ਭੋ ਹੋਇਆ ਪ੍ਰੰਤੂ ਬਟੂਏ ਦੇ ਲਾਲਚ ਨੇ ਮੈਨੂੰ ਇਸ ਪਾਸੇ ਧਿਆਨ ਨਾ ਦੇਣ ਦਿੱਤਾ ਤ ਮੈਂ ਸਿੱਧਾ ਓਸ ਨਕਾਬਪੋਸ਼ ਪਾਸ ਚਲਾ ਗਿਆ ਜਿਸਦੇ ਪਾਸ ਮੇਰਾ ਬਟੂਆ ਸੀ। ਮੈਂ ਸਮਝਦਾ ਸੀ ਕਿ ਪੀਲੀ ਪੋਸ਼ਾਕ ਵਾਲਾ ਕਾਲੀ ਪੋਸ਼ਾਕ ਵਾਲੇ ਦਾ ਜਿਸਦੇ ਪਾਸ ਮੇਰਾ ਬਟੂਆ ਸੀ ਵੈਰੀ ਹੈ ਤੇ ਓਹ ਕਾਲੀ ਪੋਸ਼ਾਕ ਵਾਲੇ ਦਾ ਟਾਕਰਾ ਕਰਨਵਿਚ ਮੇਰੀ ਕੁਛ ਸਹਾਇਤਾ ਕਰੇਗਾ ਪਰ ਮੇਰੀ ਇਹ ਵਿਚਾਰ ਠੀਕ ਨਾ ਨਿਕਲੀ, ਮੇਰਾ ਨਾਉਂ ਸੁਣਦਿਆਂ ਹੀ ਦੋਵੇਂ ਨਕਾਬਪੋਸ਼ ਮੇਰੇ ਵੈਰੀ ਹੋ ਗਏ ਤੇ ਓਹ ਇਹ ਕਹਿਕੇ ਮੇਰੇ ਨਾਲ ਲੜਨ ਲੱਗ ਪਏ ਕਿ ਬਟੂਆ ਹੁਣ ਤੇਨੂੰ ਨਹੀਂ ਮਿਲ ਸੱਕਦਾ ਸਾਡੇ ਦੋਹਾਂ ਵਿਚੋਂ ਕਿਸ ਇੱਕ ਦੇ ਪਾਸ ਰਹੇਗਾ। ਪ੍ਰੰਤੂ ਮੈਂ ਇਸ ਗੋਲ ਨਾਲ ਨਾ ਘਬਰਾਯਾ ਤੇ ਬਟੂਏ ਦਾ ਲਾਲਚ ਐਨਾ ਨਹੀਂ ਸੀ ਕਿ ਮੈਂ ਓਹਨਾਂ ਦੀ ਧਮਕੀ ਵਿਚ ਆ ਜਾਂਦਾ ਇਸਦੇ ਬਿਨਾਂ ਤਲਿਸਮੀ ਖੰਜਰ ਭੀ ਮੈਨੂੰ ਨਿਰਾਸ ਨਹੀਂ ਹੋਣ ਦੇਂਦਾ ਸੀ ਸੋ ਮੈਂ ਦੋਹਾਂ ਨਾਲ ਵਾਰੀ ੨ ਦਲ ਖੋਹਲਕੇ ਲੜਨ ਲੱਗਾ ਤੇ ਥੋੜੇ ਚਿਰ ਵਿਚ ਹੀ ਓਹਨਾਂ ਨੂੰ ਨਿਸਚੇ ਕਰ ਦਿੱਤਾ ਕਿ ਰਾਜਾ ਬੀਰੇਂਦ੍ਰ ਸਿੰਘ ਦੇ ਦੁਸ਼ਮਣਾਂ ਦੇ ਸਾਹਮਣੇ ਅੜਨਾ ਕੋਈ ਹਾਸੇ ਠੱਠੇ ਦਾ ਭੇਸ ਨਹੀਂ ਹੈ*।

ਥੋੜੇ ਚਿਰ ਤੱਕ ਦੋਵੇਂ ਨਕਾਬਪੋਸ਼ ਚੰਚੀਤਰਾਂ ਮੇਰੇ ਨਾਲ ਲੜਦੇ ਰਹੇ ਉਪ੍ਰੰਤ ਜਦ ਓਹਨਾਂ ਨੇ ਵੇਖਿਆ ਕਿ ਮਾਂਝੇ ਵਿਚ ਹੁਣ

---

*ਬਹੁਤ ਠੀਕ ਸਤਜ ਬਚਨ (ਕਰਤਾ)

Digitized by eGangotri

ਲੜਨ ਦੀ ਹਿੰਮਤ ਨਹੀਂ ਤੇ ਇਹ ਤਲਿਸਮੀ ਖੰਜਰ ਜਿਸ ਥਾਂ ਤੇ ਵੱਜੇਗਾ ਦੋ ਟੁੱਕ ਕਰ ਦੇਵੇਗਾ ਤਦ ਪੀਲੀ ਪੋਸ਼ਾਕ ਵਾਲੇ ਨੇ ਉਚੀ ਸੁਰ ਵਿਚ ਕਿਹਾ ਭੈਰੋਂ ਸਿੰਘ ਠਹਿਰ ਜਾਓ ਪਹਿਲੇ ਮੇਰੀ ਗੱਲ ਸੁਣ ਲਵੋ ਫੇਰ ਲੜਨਾ। ਓ ਕਾਲੀ ਨਕਾਬ ਵਾਲੇ! ਕਿਉਂ ਆਪਣੀ ਜਾਨ ਦਾ ਵੈਰੀ ਹੋ ਰਿਹਾ ਹੈਂ! ਜ਼ਰਾ ਠਹਿਰ ਜਾਹ ਮੈਨੂੰ ਭੈਰੋਂ ਸਿੰਘ ਨਾਲ ਦੋ ਗੱਲਾਂ ਕਰ ਲੈਣ ਦੇਹ।

ਪੀਲੇ ਨਕਾਬਪੋਸ਼ ਦੀ ਗੱਲ ਸੁਣਕੇ ਅਸੀਂ ਦੋਵੇਂ ਲੜਾਈ ਵੱਲੋਂ ਰੁਕ ਗਏ ਪਰ ਮੈਂ ਤਲਿਸਮੀ ਖੰਜਰ ਦਾ ਚਾਨਣ ਘੱਟ ਨਾ ਹੋਣ ਦਿੱਤਾ। ਇਸਦੇ ਪਿਛੋਂ ਪੀਲੀ ਪੋਸ਼ਾਕ ਵਾਲੇ ਨੇ ਪੁਛਿਆ ਤੁਸੀਂ ਮੇਰੇ ਨਾਲ ਕਿਉਂ ਲੜ ਰਹੇ ਹੋ?

ਮੈਂ-(ਕਾਲੀ ਪੋਸ਼ਾਕ ਵਾਲੇ ਵੱਲ ਹੱਥ ਕਰਕੇ) ਇਸਦੇ ਪਾਸ ਮੇਰਾ ਈਯਾਰੀ ਦਾ ਬਟੂਆ ਹੈ ਓਹ ਲੈਣਾ ਚਾਹੁੰਦਾ ਹਾਂ।

ਪੀਲੀ ਪੋਸ਼ਾਕ ਵਾਲਾ-ਤੇ ਫੇਰ ਮੇਰੇਨਾਲ ਕਿਉਂ ਲੜਦੇ ਹੋ?

ਮੈਂ-ਮੈਂ ਤੁਹਾਡੇ ਨਾਲ ਨਹੀਂ ਲੜਦਾ ਤੁਸੀਂ ਆਪ ਮੇਰੇ ਨਾਲ ਲੜਦੇ ਹੋ।

ਪੀਲਾ-(ਕਾਲੀ ਪੋਸ਼ਾਕ ਵਾਲੇ ਨੂੰ) ਕਿਉਂ ਭਈ ਹੁਣ ਕੀ ਮਰਜ਼ੀ ਹੈ? ਇਸਦਾ ਬਟੂਆ ਦੇਵੋਗੇ ਕਿ ਲੜਕੇ ਪ੍ਰਾਣ ਦੇਵੋਗੇ?

ਕਾਲੀ ਪੋਸ਼ਾਕ ਵਾਲਾ-ਜਦ ਬਟੂਏ ਦਾ ਮਾਲਕ ਆਪ ਆ ਪਹੁੰਚਾ ਹੈ ਤਾਂ ਬਟੂਆ ਦੇਣ ਵਿਚ ਮੈਨੂੰ ਕੀ ਨਾਂਹ ਹੋ ਸੱਕਦੀ ਹੈ। ਹਾਂ ਜੇ ਇਹ ਨਾ ਆਉਂਦੇ ਤਾਂ ਮੈਂ ਤੈਨੂੰ ਕਦੇ ਨ ਦੇਂਦਾ।

ਪੀਲਾ-ਜੇ ਇਹ ਨਾ ਆਉਂਦੇ ਤਾਂ ਮੈਂ ਦੇਖਦਾ ਕਿ ਤੂੰ ਬਟੂਆ ਕਿਸਤਰਾਂ ਨਹੀਂ ਦੇਂਦਾ ਹੱਛਾ ਹੁਣ ਬਟੂਆ ਦੇਕੇ ਪਿੱਛਾ ਛੁਡਾਓ।

CC-0. Kashmir Research Institute. Digitized by eGangotri

ਕਾਲੀ ਪੋਸ਼ਾਕ ਵਾਲੇ ਨੇ ਬਟੂਆ ਖੋਹਲਕੇ ਮੇਰੇ ਅੱਗੇ ਰੱਖ ਦਿੱਤਾ ਤੇ ਕਿਹਾ ਬੱਸ ਹੁਣ ਮੈਨੂੰ ਛੁਟੀ ਹੈ ? ਮੈਂ ਕਿਹਾ ਨਹੀਂ ਪਹਿਲੇ ਮੈਨੂੰ ਦੇਖ ਲੈਣ ਦੇਵੋ ਕਿ ਮੇਰੀਆਂ ਅਮੋਲਕ ਚੀਜ਼ਾਂ ਵਿਚ ਹਨ ਕਿ ਨਹੀਂ ?

ਮੈਂ ਉਸ ਬਟੂਏ ਦੀਆਂ ਗੰਢਾਂ ਤੇ ਨਜ਼ਰ ਮਾਰਦਿਆਂ ਹੀ ਸਮਝ ਲਿਆ ਕਿ ਮੇਰੇ ਹੱਥ ਦੀਆਂ ਦਿੱਤੀਆਂ ਹੋਈਆਂ ਹਨ ਪਰ ਫੇਰ ਭੀ ਸੰਦੇਹ ਮਿਟਾਉਣ ਲਈ ਖੋਲ੍ਹਕੇ ਦੇਖ ਲਿਆ ਸਭ ਚੀਜ਼ਾਂ ਉਸੇ ਤਰਾਂ ਹੀ ਸਨ ਤਾਂ ਮੈਂ ਪ੍ਰਸੰਨ ਹੋਕੇ ਬਟੂਆ ਲੱਕ ਨਾਲ ਬੰਨ੍ਹ ਲਿਆ ਤੇ ਕਾਲੀ ਨਕਾਬ ਵਾਲੇ ਨੂੰ ਕਿਹਾ:—ਹੁਣ ਮੇਰੇ ਵੱਲੋਂ ਤਾਂ ਛੁੱਟੀ ਹੈ ਪਰ ਇਹ ਦੱਸੋ ਕਿ ਮੈਂ ਕੁਮਾਰ ਦੇ ਪਾਸ ਕਿਸ ਰਸਤੇ ਪਹੁੰਚਾਂ ? ਉਤਰ ਵਿਚ ਉਸਨੇ ਕਿਹਾ ਮੈਂ ਕੁਛ ਨਹੀਂ ਜਾਣਦਾ ਇਹ ਸਭ ਪੀਲੀ ਪੋਸ਼ਾਕ ਵਾਲੇ ਨੂੰ ਪੁਛੋ।

ਇਹ ਕਹਿਕੇ ਕਾਲੀ ਪੋਸ਼ਾਕ ਵਾਲਾ ਪਤਾ ਨਹੀਂ ਜੋ ਕਿੱਧਰ ਚਲਾ ਗਿਆ ਤੇ ਮੈਂ ਪੀਲੀ ਪੋਸ਼ਾਕ ਵਾਲੇ ਦਾ ਮੂੰਹ ਵੇਖਣ ਲੱਗ ਪਿਆ। ਉਸਨੇ ਮੈਨੂੰ ਪੁਛਿਆ ਹੁਣ ਕੀ ਚਾਹੁੰਦੇ ਹੋ ?

ਮੈਂ—ਆਪਣੇ ਮਾਲਕ ਦੇ ਪਾਸ ਜਾਣਾ ਚਾਹੁੰਦਾ ਹਾਂ।

ਪੀਲਾ—ਤਾਂ ਜਾਂਦੇ ਕਿਉਂ ਨਹੀਂ ?

ਮੈਂ—ਕੀ ਉਸੇ ਰਸਤੇ ਜਾ ਸਕਦਾ ਹਾਂ ਜਿਧਰੋਂ ਆਯਾ ਹਾਂ ?

ਪੀਲਾ—ਦੇਖਦੇ ਨਹੀਂ ਕਿ ਓਹ ਬੂਹਾ ਬੰਦ ਹੋਗਿਆ ਹੈ? ਤੇ ਹੁਣ ਓਹ ਨਹੀਂ ਖੁਲ ਸਕਦਾ।

ਮੈਂ—ਫੇਰ ਕਿਸਤਰਾਂ ਬਾਹਰ ਜਾ ਸਕਦਾ ਹਾਂ ?

ਪੀਲਾ—ਤੁਸੀ ਮੇਰੀ ਸਹਾਇਤਾ ਦੇ ਬਿਨਾਂ ਬਾਹਰ ਨਹੀਂ ਜਾ

Digitized by eGangotri

ਸਕਦੇ, ਕਿਉਂਕਿ ਰਸਤਾ ਬਹੁਤ ਹੀ ਚਕਰਦਾਰ ਤੇ ਭੈੜਾ ਹੈ, ਹਛਾ ਤੁਸੀ ਮੇਰੇ ਪਿਛੇ ੨ ਚਲੇ ਆਉ ਮੈਂ ਬਾਹਰ ਕਰ ਦੇਵਾਂਗਾ।

ਪੀਲੇ ਨਕਾਬ ਵਾਲੇ ਦੀ ਗਲ ਸੁਣਕੇ ਮੈਂ ਉਸਦੇ ਪਿਛੇ ੨ ਜਾਣ ਲਈ ਤਿਆਰ ਹੋਗਿਆ ਪਰ ਫੇਰ ਭੀ ਮੈਂ ਆਪਣੇ ਮਨ ਦੀ ਪਕਿਆਈ ਕਰਨ ਲਈ ਉਸ ਬੂਹੇ ਨੂੰ ਖੋਹਲਣ ਦਾ ਯਤਨ ਕੀਤਾ ਜਿਧਰੋਂ ਆਇਆ ਸੀ, ਪਰ ਜਦ ਨਾ ਖੁਲਾ ਤਦ ਲਾਚਾਰ ਹੋਕੇ ਮੈਂ ਪੀਲੀ ਪੁਸ਼ਾਕ ਵਾਲੇ ਦਾ ਸਹਾਰਾ ਲੀਤਾ ਪਰ ਮਨ ਵਿਚ ਇਹ ਡਰ ਰਿਹਾ ਕਿ ਕਿਤੇ ਮੇਰੇ ਨਾਲ ਧੋਖਾ ਨਾ ਕਰੇ।

ਪੀਲੀ ਨਕਾਬ ਵਾਲੇ ਨੇ ਦੀਵਾ ਚੁਕ ਲੀਤਾ ਤੇ ਮੈਨੂੰ ਆਪਣੇ ਪਿਛੇ ੨ ਆਉਣ ਲਈ ਕਿਹਾ, ਮੈਂ ਹਥ ਵਿਚ ਤਲਿਸਮੀ ਖੰਜਰ ਲੈਕੇ ਉਸਦੇ ਪਿਛੇ ੨ ਤੁਰ ਪਿਆ, ਉਸਨੇ ਅਨੋਖੇ ਢੰਗ ਨਾਲ ਕਈ ਬੂਹੇ ਖੋਲੇ ਤੇ ਮੈਨੂੰ ਕਈ ਕੋਠੜੀਆਂ ਵਿਚ ਫਿਰਾਉਂਦਾ ਹੋਇਆ ਮਕਾਨ ਦੇ ਬਾਹਰ ਲੈ ਗਿਆ। ਮੈਂ ਤਾਂ ਸਮਝਿਆ ਸੀ ਕਿ ਆਪ ਦੇ ਪਾਸ ਪਾਸ ਦੇਵੇਗਾ ਪਰ ਜਦ ਬੂਹਿਓਂ ਬਾਹਰ ਨਿਕਲਿਆ ਤਾਂ ਕੋਈ ਹੋਰ ਹੀ ਮਕਾਨ ਦਿਸਿਆ। ਦਿਨ ਚੜ੍ਹ ਚੁਕਾ ਸੀ ਮੈਂ ਹੈਰਾਨ ਹੋਕੇ ਚਹੀਂ ਪਾਸੀਂ ਦੇਖਣ ਲਗ ਪਿਆ। ਏਥੇ ਆਕੇ ਪੀਲੇ ਮਕਰੰਦ ਨੇ ਮੇਨੂੰ ਫੇਰ ਉਸ ਮਕਾਨ ਵਿਚ ਚਲਣ ਲਈ ਕਿਹਾ ਪਰ ਹੁਣ ਆਪ ਪਿਛ ਹੋ ਗਿਆ ਤੇ ਮੈਨੂੰ ਅਗੇ ਕਰ ਲਿਆ। ਉਸਦੀ ਇਸ ਗਲ ਨਾਲ ਮੈਨੂੰ ਸੰਦੇਹ ਹੋਗਿਆ ਤੇ ਮੈਂ ਉਸਨੂੰ ਕਿਹਾ ਕਿ ਜਿਸ ਤਰਾਂ ਹੁਣ ਤਕ ਤੁਸੀ ਮੇਰੇ ਅਗੇ ੨ ਚਲੇ ਆਏ ਹੋ ਏਥੇ ਆਕੇ ਇਸ ਮਕਾਨ ਵਿਚ ਕਿਉਂ ਨਹੀਂ ਚਲਦੇ ? ਮੈਂ ਤੁਹਾਡੇ ਪਿਛੇ ੨ ਜਾਵਾਂਗਾ। ਇਸਦੇ ਉੱਤਰ ਵਿਚ ਪੀਲੇ ਮਕਰੰਦ

CC-0. Kashmir Research Institute. Digitized by eGangotri

ਨੇ ਸਿਰ ਹਿਲਾਇਆ ਤੇ ਕੁਛ ਕਹਿਣ ਹੀ ਲੱਗਾ ਸੀ ਕਿ ਪਿਛਲੇ ਪਾਸਿਓਂ ਆਵਾਜ਼ ਆਈ:—ਓ, ਭੈਰੋਂ ਸਿੰਘ ! ਖਬਰਦਾਰ ! ਇਸ ਮਕਾਨ ਦੇ ਅੰਦਰ ਪੈਰ ਨਹੀਂ ਪੌਣਾ, ਇਸ ਪੀਲੇ ਮਕਰੰਦ ਨੂੰ ਫੜ ਲੈ, ਨੱਸ ਨਾ ਜਾਵੇ।

ਮੈਂ ਪਿਛਾਹਾਂ ਮੁੜਕੇ ਵੇਖਿਆ ਕਿ ਅਵਾਜ਼ ਦੇਣ ਵਾਲਾ ਕੌਣ ਹੈ ਤਾਂ ਇੰਦ੍ਰਾਣੀ ਤੇ ਨਜ਼ਰ ਪਈ ਜੋ ਛੇਤੀ ੨ ਮੇਰੇ ਵਲ ਆ ਰਹੀ ਸੀ। ਜਦ ਇੰਦ੍ਰਾਣੀ ਮੇਰੇ ਪਾਸ ਪਹੁੰਚੀ ਤਾਂ ਉਸਨੇ ਕਿਹਾ ਕਿ ਤੁਸਾਂ ਬੜੀ ਭੁਲ ਕੀਤੀ ਹੈ ਜੋ ਉਸਨੂੰ ਫੜ ਨਾ ਲਿਆ, ਉਸਨੇ ਤੁਹਾਡੇ ਨਾਲ ਧੋਖੇਬਾਜ਼ੀ ਕੀਤੀ ਹੈ, ਓਹ ਤੁਹਾਡੇ ਬਟੂਏ ਦੇ ਲਾਲਚ ਵਿਚ ਤਹਾਡੀ ਜਾਨ ਦਾ ਗਾਹਕ ਹੋਇਆ ਸੀ, ਈਸ਼ੂਰ ਦਾ ਧੰਨਜਵਾਦ ਹੈ ਕਿ ਮੈਨੂੰ ਵੈਲੇ ਸਿਰ ਖਬਰ ਹੋ ਗਈ ਤੇ ਮੈਂ ਨੱਸੀ ਨੱਸੀ ਏਥੋਂ ਤਕ ਆਗਈ ਤੇ ਓਹ ਦੁਸ਼ਟ ਮੈਨੂੰ ਦੇਖਦਿਆਂ ਹਾਂ ਨੱਸ ਗਿਆ।

ਇੰਦ੍ਰਾਣੀ ਦੀ ਗਲ ਸੁਣਕੇ ਮੈਂ ਹੈਰਾਨ ਹੋ ਗਿਆ ਤੇ ਉਸਦੇ ਮੁੰਹ ਵਲ ਦੇਖਣ ਲਗ ਪਿਆ। ਸਭ ਤੋਂ ਵਧੀਕ ਅਚੰਭਾ ਮੈਨੂੰ ਇਸ ਗਲ ਦਾ ਸੀ ਕਿ ਇੰਦ੍ਰਾਣੀ ਜੇਹੀ ਸੁੰਦਰ ਤੇ ਕੋਮਲ ਇਸਤ੍ਰੀ ਨੂੰ ਦੇਖਦਿਆਂ ਹੀ ਓਹ ਦੁਸ਼ਟ ਨੱਸ ਕਿਉਂ ਗਿਆ, ਇਸਦੇ ਬਿਨਾਂ ਮੈਂ ਢੇਰ ਚਿਰ ਤਕ ਇੰਦ੍ਰਾਣੀ ਦੀ ਸੁੰਦਰਤਾ ਵੱਲ ਦੇਖਦਾ ਰਿਹਾ। (ਮੁਸਕ੍ਰਾਕੇ) ਖਿਮਾਂ ਕਰਨਾਂ ਬੁਰਾ ਨਾ ਮੰਨਣਾ ਕਿਉਂਕਿ ਮੈਂ ਸੱਚ ਕਹਿੰਦਾ ਹਾਂ ਕਿ ਇੰਦ੍ਰਾਣੀ ਮੈਨੂੰ ਕਿਸ਼ੋਰੀ ਤੋਂ ਵਧੀਕ ਸੁੰਦਰ ਜਾਪਦੀ ਹੈ, ਸਵੇਰ ਵੈਲੇ ਉਸਦਾ ਸੁੰਦਰ ਮੁਖੜਾ ਦਿਨ ਵਾਂਗ ਚਮਕ ਰਿਹਾ ਸੀ।

Digitized by eGangotri

ਇੰਦ੍ਰਜੀਤ:-ਇਹ ਤੇਰ ਚੇਰਾ ਡਾਗ ਸਨ ਕਿ ਸਵੇਰ ਵੇਲੇ ਅਜੇਹੀ ਸੁੰਦਰ ਇਸਤ੍ਰੀ ਦਾ ਮੂੰਹ ਦੇਖਿਆ।

ਭੈਰੋਂ:-ਉਸੇ ਦਾ ਇਹ ਫਲ ਮਿਲਿਆ ਹੈ ਕਿ ਜਾਨ ਭੀ ਬਚ ਗਈ ਤੇ ਆਪ ਭੀ ਮਿਲ ਗਏ।

ਇੰਦ੍ਰਜੀਤ:-ਚੰਗਾ ਫੇਰ ਕੀ ਹੋਇਆ ?

ਭੈਰੋ:-ਮੈਂ ਧੰਨਵਾਦਵਾਦ ਕਰਕੇ ਇੰਦ੍ਰਾਣੀ ਨੂੰ ਪੁਛਿਆ ਤੁਸੀ ਕੌਣ ਹੋ ਤੇ ਇਹ ਪੰਲਾ ਮਕਰੰਦ ਕੌਣ ਸੀ ? ਇਸਦੇ ਉੱਤਰ ਵਿਚ ਇੰਦ੍ਰਾਣੀ ਨੇ ਕਿਹਾ ਇਹ ਤਲਿਸਮ ਹੈ ਏਥੋਂ ਦੇ ਭੇਤ ਜਾਨਣ ਦਾ ਯਤਨ ਨਾ ਕਰੋ, ਜੋ ਕੁਛ ਆਪ ਤੋਂ ਆਪ ਮਲੂਮ ਹੋਵੇ ਓਹਸਮਝਦੇ ਜਾਓ। ਇਸ ਤਲਿਸਮ ਵਿਚ ਤੁਹਾਡੇ ਸੱਜਣ ਵੈਰੀ ਬਹੁਤ ਹਨ ਅਸੀ ਭੀ ਆਏ ਹੋ ਦੋ ਚਾਰ ਦਿਨਾਂ ਵਿਚ ਬਹੁਤ ਸਾਰੀਆਂ ਗਲਾਂ ਦਾ ਪਤਾ ਲਗ ਜਾਵੇਗਾ ਆਪਣੇ ਵਲੋਂ ਮੈਂ ਇਹ ਦਸਦੀ ਹਾਂ ਕਿ ਮੈਂ ਇਸ ਤਲਿਸਮ ਦੀ ਰਾਣੀ ਹਾਂ ਤੇ ਤੈਨੂੰ ਅਰ ਦੋਹਾਂ ਕੁਮਾਰਾਂ ਨੂੰ ਚੰਗੀ ਤਰਾਂ ਜਾਣਦੀ ਹਾਂ।

ਇਹ ਕੈਹਕੇ ਇੰਦ੍ਰਾਣੀ ਚੁਪ ਹੋ ਗਈ ਅਰ ਪਿਛਾਹਾਂ ਵਲ ਦੇਖਣ ਲਗ ਪਈ ਉਸੇ ਵੇਲੇ ਹੋਰ ਭੀ ਪੰਜ ਸੱਤ ਇਸਤ੍ਰੀਆਂ ਆ ਪਹੁੰਚੀਆਂ ਜੋ ਛੋਟੀ ਉਮਰ ਦੀਆਂ ਤੇ ਬੜੀਆਂ ਹੀ ਸੁੰਦਰ ਸਨ ਜਿਨਾਂ ਨੇ ਬੜੇ ਰ ਮੋਹਣੇ ਕਪੜੇ ਪਾਏ ਹੋਏ ਸਨ। ਮੈਂ ਇੰਦ੍ਰਾਣੀ ਤੋਂ ਤਿਮੋਰੀ ਕਮਾਨੀ ਆਦਿਕ ਦਾ ਹਾਲ ਪੁਛਿਆ ਪਰ ਉਸਨੇ ਮੈਨੂੰ ਇਕ ਭੀ ਗਲ ਨਾ ਕਰਨ ਦਿਤੀ ਤੇ ਇਹ ਕਹਿਕੇ ਮੈਨੂੰ ਇਕ ਇਸਤ੍ਰੀ ਦੇ ਸਪੁਰਦ ਕਰ ਦਿਤਾ ਕਿ ਇਸ ਨੂੰ ਕੌਰ ਇੰਦਰ ਜੀਤ ਸਿੰਘ ਦੇ ਪਾਸ ਪੁਚਾ ਦੇਹ। ਇਹ ਕਹਿਕੇ ਆਪ

CC-0. Kashmir Research Institute. Digitized by eGangotri

ਬਾਕੀ ਦੀਆਂ ਇਸਤ੍ਰੀਆਂ ਨੂੰ ਨਾਲ ਲੈਕੇ ਇਕ ਪਾਸੇ ਨੂੰ ਤੁਰਗਈ ਤੇ ਮੈਨੂੰ ਉਸੇ ਚਿੰਤਾ ਵਿਚ ਛਡ ਗਈ। ਛੇਕੜ ਮੈਂ ਉਸੇ ਇਸਤ੍ਰੀ ਦੀ ਸਹਾਇਤਾ ਨਾਲ ਏਥੋਂ ਤਕ ਪਹੁੰਚਾ।

ਇੰਦ੍ਰਜੀਤ—ਉਸ ਇਸਤ੍ਰੀ ਤੋਂ ਭੀ ਤੁਸਾਂ ਕੁਛ ਪੁਛਿਆ ਕਿ ਨਹੀਂ ?

ਭੈਰੋਂ—ਪਛਿਆ ਤਾਂ ਬਹੁਤ, ਪਰ ਉਸਨੇ ਇਕ ਗਲ ਦਾ ਭੀ ਉੱਤਰ ਨ ਦਿਤਾ, ਮਾਨੋਂ ਕੁਛ ਸੁਣਦੀ ਹੀ ਨਹੀਂ ਸੀ, ਹਾਂ ਇਕ ਗੱਲ ਤਾਂ ਮੈਂ ਕਹਿਣੀ ਭੁਲ ਹੀ ਗਿਆ।

ਇੰਦ੍ਰਜੀਤ—ਓਹ ਕੀ ?

ਭੈਰੋਂ—ਇੰਦ੍ਰ ਜੀ ਦੇ ਚਲੇ ਜਾਣ ਦੇ ਪਿਛੋਂ ਜਦ ਮੈਂ ਉਸ ਇਸਤ੍ਰੀ ਦੇ ਨਾਲ ਏਧਰ ਨੂੰ ਆ ਰਿਹਾ ਸੀ ਤਦ ਰਸਤੇ ਵਿਚ ਇਕ ਲਪੇਟਿਆ ਹੋਇਆ ਕਾਗਤ ਮੈਨੂੰ ਮਿਲਿਆ ਜੋ ਧਰਤੀ ਤੇ ਇੰਉਂ ਪਿਆ ਹੋਇਆ ਸੀ ਜਿੰਵੇਂ ਕਿਸੇ ਦੇ ਖੀਸੇ ਵਿਚੋਂ ਡਿਗ ਪਿਆ ਹੁੰਦਾ ਹੈ (ਖੀਸੇ ਵਿਚੋਂ ਕਾਗਤ ਕੱਢਕੇ ਤੇ ਕੌਰ ਇੰਦ੍ਰਜੀਤ ਸਿੰਘ ਨੂੰ ਦੇਕੇ) ਲੌ ਪੜ੍ਹੋ ਮੈਂ ਤਾਂ ਏਸ ਨੂੰ ਪੜ੍ਹਕੇ ਪਾਗਲ ਜੇਹਾ ਹੋਗਿਆ ਹਾਂ।

ਭੈਰੋਂ ਸਿੰਘ ਦੇ ਹਥੋਂ ਕਾਗਤ ਲੈਕੇ ਕੌਰ ਇੰਦ੍ਰ ਜੀਤ ਸਿੰਘ ਨੇ ਪੜ੍ਹਿਆ ਤੇ ਚੰਗੀ ਤਰਾਂ ਵੇਖਕੇ ਭੈਰੋਂ ਸਿੰਘ ਨੂੰ ਕਿਹਾ ਬੜੇ ਅਚਰਜ ਦੀ ਗੱਲ ਹੈ ਪਰ ਇਹ ਹੋ ਨਹੀਂ ਸਕਦਾ ਪਰ ਸਾਡਾ ਮਨ ਸਾਡੇ ਵਸ ਨਹੀਂ ਹੈ ਤੇ ਨਾ ਅਸੀ ਕਿਸੇ ਦੇ ਅਧੀਨ ਹਾਂ।

ਆਨੰਦ—ਭਰਾ ਜੀ ! ਜਰਾ ਮੈਂ ਭੀ ਇਹ ਕਾਗਤ ਵੇਖਾਂ ਜੋ ਕੇਹਾ ਹੈ ਤੇ ਇਸ ਵਿਚ ਕੀ ਲਿਖਿਆ ਹੈ ?

ਇੰਦ੍ਰਜੀਤ—ਲੌ ਪੜ੍ਹੋ।

Digitized by eGangotri

ਆਨੰਦ—(ਕਾਗਤ ਨੂੰ ਚੰਗੀ ਤਰ੍ਹਾਂ ਪੜ੍ਹਕੇ) ਇਹ ਤਾਂ ਬਦੋ ਬਦੀ ਦਾ ਸੌਦਾ ਹੈ ਮਾਨੋਂ ਅਸੀ ਕੋਈ ਚੀਜ਼ ਹੀ ਨਹੀਂ ਹਾਂ। (ਭੈਰੋਂ ਨੂੰ) ਜਿਸ ਵੇਲੇ ਇਹ ਚਿਠੀ ਤੁਸਾਂ ਚੁਕੀ, ਸੀ ਉਸ ਵੇਲੇ ਉਸ ਇਸਤ੍ਰੀ ਨੇ ਦੇਖਿਆ ਜਾਂ ਕੁਛ ਕਿਹਾ ਸੀ ਕਿ ਨਹੀਂ ?

ਭੈਰੋਂ—ਉਸ ਨੂੰ ਇਸ ਗੱਲ ਦੀ ਕੁਛ ਖਬਰ ਹੀ ਨਹੀਂ ਸੀ ਕਿਉਂਕਿ ਓਹ ਮੇਰੇ ਅਗੇ ਰ ਜਾ ਰਹੀ ਸੀ ਮੈਂ ਚਿਠੀ ਚੁਕੀ ਤੇ ਪੜ੍ਹੀ ਪਰ ਓਸ ਨੂੰ ਕੁਛ ਪਤਾ ਨ ਲਗਾ ਮੈਨੂੰ ਸੰਦੇਹ ਹੁੰਦਾ ਹੈ ਕਿ ਓਹ ਗੁੰਗੀ ਸੀ।

ਆਨੰਦ—ਇਸ ਤੇ ਮੋਹਰ ਐਉਂ ਲਗੀ ਹੋਈ ਹੈ ਮਾਨੋਂ ਕਿਸੇ ਰਾਜ ਦਰਬਾਰ ਦੀ ਹੁੰਦੀ ਹੈ।

ਭੈਰੋਂ—ਬੇਸ਼ਕ ਅਜੇਹੀ ਜਾਪਦੀ ਹੈ (ਹਸ ਕੇ ਕੌਰ ਇੰਦ੍ਰਜੀਤ ਸਿੰਘ ਨੂੰ) ਲੌ ਹੁਣ ਤੁਹਾਡੇ ਵਾਸਤੇ ਤਾਂ ਪੌਂ ਬਾਰਾਂ ਹਨ ਕਿਸਮਤ ਦਾ ਧਨੀ ਹੋਣਾ ਇਸ ਨੂੰ ਆਖਦੇ ਹਨ।

ਇੰਦ੍ਰਜੀਤ—ਤੇਰੀ ਐਸੀ ਤੈਸੀ।

ਪਾਠਕਾਂ ਨੂੰ ਸਮਝਾਉਣ ਲਈ ਅਸੀ ਚਿਠੀ ਇਥੇ ਲਿਖ ਦੇਂਦੇ ਹਾਂ ਜਿਸ ਨੂੰ ਦੇਖਕੇ ਦੋਵੇਂ ਕੁਮਾਰ ਤੇ ਭੈਰੋਂ ਸਿੰਘ ਹੈਰਾਨ ਹੋਏ ਸੀ:—

"ਪੂਜਨਵਰ !

ਚਿਠੀ ਮਿਲੀ, ਮਨ ਅਤੀ ਪ੍ਰਸੰਨ ਹੋਇਆ। ਆਪਦੀ ਰਾਇ ਬਹੁਤ ਹਛੀ ਹੈ ਉਨਾਂ ਦੋਹਾਂ ਲਈ ਕੌਰ ਇੰਦ੍ਰਜੀਤ ਸਿੰਘ ਤੇ ਆਨੰਦ ਸਿੰਘ ਵਰਗਾ ਵਰ ਮਿਲਨਾ ਔਖਾ ਹੈ ਏਸੇ ਤਰਾਂ ਦੋਹਾਂ ਕੁਮਾਰਾਂ ਨੂੰ ਭੀ ਅਜੇਹੀ ਇਸਤ੍ਰੀ ਨਹੀਂ ਮਿਲ ਸਕਦੀ। ਬੱਸ ਹੁਣ

CC-0. Kashmir Research Institute. Digitized by eGangotri

ਹੋਰ ਸੋਚ ਵਿਚਾਰ ਕਰਨ ਦੀ ਲੋੜ ਨਹੀਂ । ਆਪਦੀ ਆਗਿਆ ਦੇ ਅਨੁਸਾਰ ਅਠ ਪਹਿਰ ਦੇ ਅੰਦਰ ੨ ਮੈਂ ਸਭ ਸਾਮਾਨ ਤਿਆਰ ਕਰ ਦੇਵਾਂਗਾ, ਬਸ ਪਰਸੋਂ ਵਿਆਹ ਹੋਜਾਣਾ ਠੀਕ ਹੈ ਵਡੇ ਵਡੇ ਜੋ ਕੁਛ ਤਲਿਸਮ ਵਿਚ ਦਾਜ ਦੀ ਰਕਮ ਰਖ ਗਏ ਹਨ ਉਹ ਇਨਾਂ ਦੋਹਾਂ ਕੁਮਾਰਾਂ ਦੇ ਯੋਗ ਹੈ। ਭਾਵੇਂ ਇਨਾਂ ਦੋਹਾਂ ਦਾ ਮਨ ਕਿਸੇ ਦੇ ਪ੍ਰੇਮ ਵਿਚ ਫਸ ਚੁਕ ਹੇ ਪਰੰਤੂ ਸਾਡਾ ਪ੍ਰਤਾਪ ਭੀ ਤਾਂ ਕੋਈ ਚੀਜ਼ ਹੈ ਜਦ ਤਕ ਦੋਵੇਂ ਕੁਮਾਰ ਆਪਦੀ ਆਗਿਆ ਨਹੀਂ ਮੰਨਣਗੇ ਤਦ ਤਕ ਜਾ ਕਿਥੇ ਸਕਦੇ ਹਨ ਅੰਤ ਨੂੰ ਓਹੋ ਹੋਵੇਗਾ ਜੋ ਆਪ ਚਾਹੁੰਦੇ ਹੋ। "ਦੁ: ਸੁ: ਸਾ:"

ਇਸ ਚਿਠੀ ਨੂੰ ਕੌਰ ਇੰਦ੍ਰਜੀਤ ਸਿੰਘ ਨੇ ਫੇਰ ਪੜ੍ਹਿਆ ਤੇ ਹੈਰਾਨ ਹੁੰਦੇ ਹੋਏ ਆਪਣੇ ਭਰਾ ਨੂੰ ਕਿਹਾ ਅਚੰਭਾ ਨਹੀਂ ਕਿ ਇਹ ਚਿਠੀ ਕਿਸੇ ਨੇ ਹਾਸੇ ਨਾਲ ਲਿਖੀ ਹੋਵੇ ਤੇ ਹਾਸੇ ਨਾਲ ਹੀ ਭੈਰੋਂ ਸਿੰਘ ਦੇ ਰਸਤੇ ਵਿਚ ਸੁਟ ਦਿਤੀ ਹੋਵੇ ਕਿ ਸਾਨੂੰ ਚਿੰਤਾ ਵਿਚ ਪਾਕੇ ਤਮਾਸ਼ਾ ਦੇਖਦਾ ਹੋਵੇ।

ਆਨੰਦ—ਸ਼ਾਇਦ ਏਹੋ ਗਲ ਹੋਵੇ ? ਜੇ ਕੋਮਲਨੀ ਮਿਲ ਪੈਂਦੀ ਤਾਂ.....

ਭੈਰੋਂ—ਫੇਰ ਕੀ ਹੁੰਦਾ? ਮੈਂ ਪੁਛਦਾ ਹਾਂ ਕਿ ਇਸ ਤਲਿਸਮ ਦੇ ਅੰਦਰ ਆਕੇ ਆਪ ਦੋਹਾਂ ਭਰਾਵਾਂ ਨੇ ਕੀ ਕੀਤਾ ਹੈ ? ਜੇ ਇਸੇ ਤਰਾਂ ਸਮਾ ਬਿਤਾਇਆ ਜਾਵੇਗਾ ਤਾਂ ਦੇਖੋਗੇ ਕਿ ਅਗੇ ਚਲਕੇ ਕੀ ਕੀ ਹੁੰਦਾ ਹੈ।

ਇੰਦ੍ਰਜੀਤ—ਤਾਂ ਤੇਰੀ ਕੀ ਮਰਜੀ ਹੈ ਕਿ ਬਿਨਾਂ ਸੋਚੇ

Digitized by eGangotri

ਵਿਚਾਰੇ ਦੇ ਭੰਨ ਤੋੜ ਸੁਟਾਂ ?

ਭੈਰੋਂ—ਸੋਚੇ ਸਮਝੇ ਬਿਨਾਂ ਭੰਨਣ ਤੋੜਨ ਦੀ ਕੀ ਲੋੜ ਹੈ ਤਲਿਸਮੀ ਵਾਜੇ ਤੇ ਤਲਿਸਮੀ ਪੋਥੀ ਤੋਂ ਆਪਨੂੰ ਕੀ ਕੁਛ ਪਤਾ ਲਗਾ ਹੈ ਓਹ ਕਿਸ ਦਿਨ ਕੰਮ ਆਵੇਗਾ ? ਕੀ ਇਨਾਂ ਬਾਗਾਂ ਵਲੋਂ ਉਨਾਂ ਵਿਚ ਕੁਛ ਨਹੀਂ ਸੀ ਲਿਖਿਆ ?

ਇੰਦ੍ਰਜੀਤ-ਲਿਖਿਆ ਹੋਇਆ ਤਾਂ ਸੀ ਪਰ ਨਾਲ ਹੀ ਇਹ ਭੀ ਜਾਪਦਾ ਸੀ ਕਿ ਇਹ ਹਿਸੇ ਟੁਟਨ ਵਾਲੇ ਨਹੀਂ ਹਨ।

ਭੈਰੋਂ—ਇਹ ਤਾਂ ਮੈਂ ਭੀ ਤਲਿਸਮੀ ਪੋਥੀ ਪੜ੍ਹੇ ਤੋਂ ਬਿਨਾਂ ਹੀ ਸਮਝ ਸਕਦਾ ਹਾਂ ਕਿ ਇਹ ਹਿੱਸੇ ਟੁਟਨ ਵਾਲੇ ਨਹੀਂ ਹਨ ਜੇ ਟੁਟਣ ਵਾਲੇ ਹੁੰਦੇ ਤਾਂ ਕਿਸ਼ੋਰੀ ਕਾਮਨੀ ਆਦਿਕ ਨੂੰ ਰਾਜਾ ਗੋਪਾਲ ਸਿੰਘ ਰਾਖੀ ਵਾਸਤੇ ਏਥੇ ਨ ਪੁਚਾਉਂਦੇ ਪਰ ਏਥੋਂ ਨਿਕਲ ਜਾਨ ਦਾ ਜਾਂ ਤਲਿਸਮ ਦੇ ਉਸ ਹਿਸੇ ਵਿਚ ਪਹੁੰਚਣ ਦਾ ਰਸਤਾ ਤਾਂ ਜ਼ਰੂਰ ਹੋਵੇਗਾ ਜੋ ਆਪ ਤੋੜ ਸਕਦੇ ਹੋ।

ਆਨੰਦ—ਹਾਂ ਇਸ ਵਿਚ ਕੀ ਸੰਦੇਹ ਹੈ

ਭੈਰੋਂ—ਜੇ ਸ਼ੱਕ ਨਹੀਂ ਹੈ ਤਾਂ ਉਸਨੂੰ ਢੂੰਡਣਾਂ ਚਾਹੀਦਾ ਹੈ।

ਏਤਨੇ ਨੂੰ ਇੰਦ੍ਰਾਣੀ ਤੇ ਆਨੰਦੀ ਭੀ ਓਥੇ ਆਪਹੁੰਚੀਆਂ ਜਿਨਾਂ ਨੂੰ ਦੇਖਕੇ ਦੋਵੇਂ ਕੁਮਾਰ ਬਹੁਤ ਪ੍ਰਸੰਨ ਹੋਏ ਅਰ ਇੰਦ੍ਰਜੀਤ ਸਿੰਘ ਨੇ ਇੰਦ੍ਰਾਣੀ ਨੂੰ ਕਿਹ:-ਮੈਂ ਬਹੁਤ ਚਿਰ ਤੋਂ ਤੁਹਾਡੇ ਆਉਣ ਦੀ ਉਡੀਕ ਵਿਚ ਸਾਂ।

ਇੰਦ੍ਰਾਣ—ਮਰੇ ਆਉਣ ਵਿਚ ਦੇਰ ਤਾਂ ਨਹੀਂ ਹੋਇਆ?

ਇੰਦ੍ਰਜੀਤ—ਚਿਰ ਨ ਸਹੀ ਪਰ ਇਕ ਅਜੇਹੇ ਆਦਮੀ ਵਾਸਤੇ ਜਿਸਦਾ ਮਨ ਕਈ ਪ੍ਰਕਾਰ ਦੀਆਂ ਚਿੰਤਾਂ ਤੇ ਉਲਝਣਾ

CC-0. Kashmir Research Institute. Digitized by eGangotri

ਵਿਚ ਫਸਿਆ ਹੋਇਆ ਹੋਵੇ ਉਸਦੇ ਵਾਸਤੇ ਇਤਨੀ ਉਡੀਕ ਭੀ ਥੋੜੀ ਨਹੀਂ ਹੈ।

ਏਸ ਵੇਲੇ ਭਾਵੇਂ ਇੰਦ੍ਰਾਣੀ ਤੇ ਆਨੰਦੀ ਸਾਦੀ ਪੋਸ਼ਾਕ ਵਿਚ ਸਨ ਪਰ ਕਿਸੇ ਪ੍ਰਕਾਰ ਦੀ ਸਜਾਵਟ ਦੀ ਮੁਥਾਜ ਨ ਰਹਿਣ ਵਾਲੀ ਓਨਾਂ ਦੀ ਸੁੰਦ੍ਰਤਾ ਦੇਖਨ ਵਾਲੇ ਦਾ ਮਨ ਭਾਵੇਂ ਓਹ ਕਿਤਨਾ ਹੀ ਤਿਆਗੀ ਹੋਵੇ ਆਪਨੇ ਵਲ ਖਿਚੇ ਬਿਨਾਂ ਨਹੀਂ ਰਹਿ ਸਕਦਾ ਸੀ। ਤੇਜ ਨੋਕ ਵਾਲੇ ਹਥਿਆਰਾਂ ਤੋਂ ਵਧੀਕ ਕੰਮ ਕਰਨ ਵਾਲੀਆਂ ਉਨਾਂ ਦੀਆਂ ਅੱਖਾਂ ਵਿਚ ਮਾਰਨ ਤੇ ਜਿਵਾਉਣ ਵਾਲੀਆਂ ਦੋਵੇਂ ਸ਼ਕਤੀਆਂ ਸਨ। ਗੱਲੀਂ ਤੇ ਅਚਾਣਕ ਆਪਈਆਂ ਹੋਈਆਂ ਲਿਟਾਂ ਸ਼ਾਂਤ ਬੈਠੇ ਹੋਏ ਮਨ ਨੂੰ ਭੀ ਚਾਬਕ ਮਾਰਕੇ ਆਪਣੇ ਵਲ ਪ੍ਰੇਰ ਸਕਦੀਆਂ ਸਨ। ਕੌਰ ਇੰਦ੍ਰਜੀਤ ਸਿੰਘ ਤੇ ਆਨੰਦ ਸਿੰਘ ਦੇ ਕਹਿਣ ਤੇ ਦੋਵੇਂ ਬੜੇ ਅਦਬ ਨਾਲ ਸਾਹਮਣੇ ਬੈਠ ਗਈਆਂ ਪਰੰਤੂ ਪਲਾ ਤੇ ਸਿਰ ਨੀਵਾਂ ਕਰਕੇ।

ਇੰਦ੍ਰਾਣੀ—ਇਸ ਕਾਹਲ ਦੇ ਥੋੜੇ ਜੇਹੇ ਸਮੇਂ ਵਿਚ ਅਸੀਂ ਆਪਦੀ ਕੁਛ ਪ੍ਰਾਹੁਣਚਾਰੀ ਤੇ ਖਾਤਰਦਾਰੀ ਦਾ ਪ੍ਰਬੰਧ ਨਹੀਂ ਕਰ ਸਕੀਆਂ ਪਰੰਤੂ ਆਸ਼ਾ ਹੈ ਕਿ ਕੁਛ ਚਿਰ ਤਕ ਇਸਦੀ ਖਿਮਾ ਦਾ ਜ਼ਰੂਰ ਪ੍ਰਬੰਧ ਕਰਾਂਗੀਆਂ।

ਇੰਦ੍ਰਾਣੀ—ਇਹ ਕੀ ਕੁਛਘਟ ਹੈਕਿ ਮੇਰੇ ਜਹੇ ਤੁਛ ਪ੍ਰਦੇਸੀ ਦੇ ਨਾਲ ਏਥੋਂ ਦੀ ਰਾਣੀ ਹੋਕੇ ਤੁਸਾਂ ਅਜੇਹਾ ਵਰਤਾਓ ਕੀਤਾ। ਹੁਣ ਆਸ਼ਾ ਹੈ ਕਿ ਜਿਸ ਤਰਾਂ ਤੁਸੀਂ ਮੈਨੂੰ ਆਪਣੇ ਵਰਤਾਓ ਨਾਲ ਪ੍ਰਸੰਨ ਕੀਤਾ ਹੈ ਉਸੇ ਤਰਾਂ ਮੇਰੇ ਪ੍ਰਸ਼ਨਾਂ ਦਾ ਉਤਰ ਦੇਕੇ ਭੀ ਮੇਰਾ ਭਰਮ ਦੂਰ ਕਰੋਗੀਆਂ।

Digitized by Sangeeta

ਇੰਦ੍ਰਾਣੀ—ਆਪ ਜੋ ਕੁਛ ਪੁਛਣਾ ਚਾਹੋ ਪੁਛੋ, ਉਤਰ ਦੇਣ ਵਿਚ ਕਿਸੇ ਤਰਾਂ ਦੀ ਨਾਂਹ ਨਹੀਂ ਹੈ?

ਇੰਦ੍ਰਜੀਤ—ਕਿਸ਼ੋਰੀ, ਕਾਮਨੀ, ਕਮਲਨੀ ਤੇ ਲਾਡਲੀ ਇਸ ਤਲਿਸਮ ਵਿਚ ਆਈਆਂ ਹਨ?

ਇੰਦ੍ਰਾਣੀ—ਜੀ ਹਾਂ ਆਈਆਂ ਤਾਂ ਹਨ।

ਇੰਦ੍ਰਜੀਤ—ਕੀ ਤੁਹਾਨੂੰ ਪਤਾ ਹੈ ਕਿ ਓਹ ਇਸ ਵੇਲੇ ਕਿਥੇ ਹਨ?

ਇੰਦ੍ਰਾਣੀ—ਜੀ ਹਾਂ ਮੈਂ ਚੰਗੀ ਤਰਾਂ ਜਾਣਦੀ ਹਾਂ ਕਿ ਇਸ ਬਾਗ ਦੇ ਨਾਲ ਹੀ ਇਕ ਹੋਰ ਬਾਗ ਹੈ ਉਥੇ ਹਨ ਤੇ ਕਮਲਨੀ ਉਥੇ ਚਲੀ ਗਈ ਹੈ ਤੇ ਓਥੇ ਹੀ ਰਹਿੰਦੀ ਹੈ।

ਇੰਦ੍ਰਜੀਤ—ਕੀ ਤੁਸੀ ਮੈਨੂੰ ਓਥੇ ਪੁਚਾ ਸਕਦੀ ਹੋ?

ਇੰਦ੍ਰਾਣੀ—ਜੀ ਨਹੀਂ।

ਇੰਦ੍ਰਜੀਤ—ਕਿਉਂ?

ਇੰਦ੍ਰਾਣੀ—ਓਹ ਬਾਗ ਇਕ ਹੋਰ ਇਸਤ੍ਰੀ ਦੇ ਅਧੀਨ ਹੈ ਜਿਸ ਤੋਂ ਵਧਕੇ ਸੰਸਾਰ ਵਿਚ ਮੇਰਾ ਹੋਰ ਕੋਈ ਵੈਰੀ ਨਹੀਂ ਹੈ।

ਇੰਦ੍ਰਜੀਤ—ਤਾਂ ਕੀ ਤੁਸੀ ਕਦੇ ਓਸ ਬਾਗ ਵਿਚ ਨਹੀਂ ਗਈਆਂ?

ਇੰਦ੍ਰਾਣੀ—ਜੀ ਨਹੀਂ, ਕਿਉਂਕਿ ਇਕ ਤਾਂ ਵੈਰ ਦੇ ਵਿਚਾਰ ਕਰਕੇ ਮੈਂ ਨਹੀਂ ਜਾਂਦੀ ਆਉਂਦੀ, ਦੂਸਰੇ ਉਸਨੇ ਰਸਤਾ ਭੀ ਬੰਦ ਕਰ ਦਿਤਾ ਹੈ, ਇਸੇ ਤਰਾਂ ਮੈਂ ਭੀ ਉਸਨੂੰ ਜਾਂ ਓਸਦੇ ਪੱਖਜ ਪਾਤੀਆਂ ਨੂੰ ਏਧਰ ਵੜਨ ਨਹੀਂ ਦੇਂਦੀ।

ਇੰਦ੍ਰਜੀਤ—ਅਸੀ ਉਨਾਂ ਨੂੰ ਕਿਸਤਰਾਂ ਮਿਲ ਸਕਦੇ ਹਾਂ?

CC-0. Kashmir Research Institute. Digitized by eGangotri

ਇੰਦ੍ਰਾਣੀ—ਜੇ ਆਪ ਉਨਾਂ ਨੂੰ ਮਿਲਨਾ ਚਾਹੋ ਤਾਂ ਤਿੰਨ ਚਾਰ ਦਿਨ ਹੋਰ ਸੰਤੋਖ ਕਰੋ ਕਿਉਂਕਿ ਅਜੇਹਾ ਪ੍ਰਬੰਧ ਕੀਤਾ ਗਿਆ ਹੈ ਕਿ ਚਾਰ ਦਿਨ ਦੇ ਅੰਦਰ ਹੀ ਓਹ ਬਾਗ ਭੀ ਮੇਰੇ ਹਥ ਆ ਜਾਵੇਗਾ ਤੇ ਓਸਦਾ ਮਾਲਕ ਮੇਰਾ ਕੈਦੀ ਬਣੇਗਾ, ਮੇਰੇ ਦਰੋਗੇ ਨੇ ਤਾਂ ਕਮਲਨੀ ਨੂੰ ਉਸ ਬਾਗ ਵਿਚ ਜਾਣਤੋਂ ਮਨੇ ਕੀਤਾ ਸਾ ਪ੍ਰੰਤੂ ਕਮਲਨੀ ਨੇ ਦਰੋਗੇ ਦੀ ਇਕ ਗੱਲ ਨਾ ਮੰਨੀ ਅਰ ਧੋਖੇ ਵਿਚ ਪੈ ਕੇ ਆਪਣੇ ਆਪਨੂੰ ਅਜੇਹੀ ਥਾਂ ਜਾ ਫਸਾਇਆ ਕਿ ਜਿਥੇ ਸਾਡਾ ਕੋਈ ਸੰਬੰਧ ਨਹੀਂ ਹੈ।

ਇੰਦ੍ਰਜੀਤ—ਕੀ ਤੁਸੀ ਲੋਕ ਰਾਜਾ ਗੋਪਾਲ ਸਿੰਘ ਜੀ ਦੇ ਅਧੀਨ ਨਹੀਂ ਹੋ ?

ਇੰਦ੍ਰਾਣੀ—ਜਰੂਰ ਅਸੀ ਲੋਕ ਰਾਜਾ ਗੋਪਾਲ ਸਿੰਘ ਦੇ ਅਧੀਨ ਹਾਂ, ਚੰਗੀ ਤਰਾਂ ਜਾਨਦੀ ਹਾਂ ਕਿ ਆਪ ਏਥੇ ਤਲਿਸਮ ਤੋੜਨ ਲਈ ਆਏ ਹੋ ਪ੍ਰੰਤੂ ਆਪ ਇਸ ਗਲ ਨੂੰ ਭੀ ਜਾਣਦੇ ਹੋਵੋਗੇ ਕਿ ਏਥੋਂ ਦੇ ਬਹੁਤ ਸਾਰ ਹਿਸੇ ਟੁਟਣ ਵਾਲੇ ਨਹੀਂ ਹਨ।

ਇੰਦ੍ਰਜੀਤ—ਹਾਂ ਜਾਨਦੇ ਹਾਂ।

ਇੰਦ੍ਰਾਣੀ—ਜੋ ਹਿਸੇ ਟੁਟਣ ਵਾਲੇ ਨਹੀਂ ਹਨ ਓਨਾਂ ਵਿਚ ਕਈ ਅਜੇਹੇ ਹਨ ਜੋ ਕੇਵਲ ਸੈਰ ਤਮਾਸ਼ੇ ਵਾਸਤੇ ਬਣਾਏ ਗਏ ਹਨ ਓਥੇ ਬਹੁਤ ਕਰਕੇ ਜਮਾਨੀਆਂ ਦਾ ਰਾਜਾ ਆਪਣੇ ਪ੍ਰਾਹੁਣਿਆਂ ਨੂੰ ਭੇਜਕੇ ਤਮਾਸ਼ਾ ਦਖਾਇਆ ਕਰਦਾ ਹੈ ਓਹ ਜਗਾ ਸਦਾ ਹੀ ਚੰਗੀ ਦਸ਼ਾ ਵਿਚ ਰਹੇ ਏਹੋ ਗਲ ਸੋਚਕੇ ਓਹ ਥਾਂ ਸਾਨੂੰ ਦਿਤੀ ਗਈ ਹੈ ਤੇ ਨਾਉਂ ਮਾਤ੍ਰ ਲਈ ਅਸੀ ਤਲਿਸਮ ਦੀਆਂ ਰਾਣੀਆਂ ਕਹਾਂਉਂਦੀਆਂ ਹਾਂ, ਪਰ ਇਹ ਗਲ ਜਰੂਰ ਹ ਕਿ

Digitized by eGangotri

ਸਾਨੂੰ ਸੋਨੇ ਚਾਂਦੀ ਤੇ ਜਵਾਹਰਾਤ ਦਾ ਕੋਈ ਘਾਟਾ ਨਹੀਂ ਹੈ।

ਇੰਦ੍ਰਜੀਤ—ਜਿਨਾਂ ਦਿਨਾਂ ਵਿਚ ਰਾਜਾ ਗੋਪਾਲ ਸਿੰਘ ਨੂੰ ਮਾਯਾਰਾਣੀ ਨੇ ਕੈਦ ਕਰ ਲਿਆ ਸੀ ਓਨਾਂ ਦਿਨਾਂ ਵਿਚ ਇਥੋਂ ਦੀ ਕੀ ਦਸ਼ਾ ਸੀ ਤੇ ਮਾਯਾਰਾਣੀ ਭੀ ਕਦੇ ਏਥੇ ਆਉਂਦੀ ਸੀ ਕਿ ਨਹੀਂ ?

ਇੰਦ੍ਰਾਣੀ—ਜੀ ਨਹੀਂ ਮਾਯਾਰਾਣੀ ਨੂੰ ਇਨਾਂ ਥਾਵਾਂ ਦੀ ਤੇ ਇਨਾਂ ਗਲਾਂ ਦੀ ਕੁਛ ਭੀ ਖਬਰ ਨਹੀਂ ਸੀ ਇਸ ਵਾਸਤੇ ਓਹ ਕਦੇ ਏਧਰ ਨਹੀਂ ਆਉਂਦੀ ਸੀ ਉਤਨਾ ਚਿਰ ਅਸੀ ਲੋਕ ਸੁਤੰਤ੍ਰ ਬਣੇ ਰਹੇ। ਜਦ ਤੋਂ ਆਪਨੇ ਰਾਜਾ ਗੋਪਾਲ ਸਿੰਘ ਨੂੰ ਕੈਦੋਂ ਛੁਡਾਕੇ ਅਸਾਂ ਲੋਕਾਂ ਨੂੰ ਜੀਵਨ ਦਾਨ ਦਿਤਾ ਹੈ ਤਦ ਤੋਂ ਕੇਵਲ ਤਿੰਨ ਵਾਰੀ ਰਾਜਾ ਗੋਪਾਲ ਸਿੰਘ ਜੀ ਏਥੇ ਆਏ ਹਨ ਤੁਣ ਚੌਥੀ ਵਾਰੀ ਪਰਸੋਂ ਮੇਰੇ ਵਿਆਹ ਵਿਚ ਆਵਣਗੇ।

ਇੰਦ੍ਰਜੀਤ—(ਚੂਬਕ ਕੇ) ਕੀ ਪਰਸੋਂ ਤੁਹਾਡਾ ਵਿਆਹ ਹੋਣ ਵਾਲਾ ਹੈ ?

ਇੰਦ੍ਰਾਣੀ—(ਕੁਛ ਸ਼ਰਮਾਕੇ) ਜੀ ਹਾਂ, ਮੇਰਾ ਤੇ (ਅਨੰਦੀ ਵਲ ਸੈਨਤ ਕਰਕੇ) ਮੇਰੀ ਇਸ ਛੋਟੀ ਭੈਣ ਦਾ ਭੀ ਵਿਆਹ ਹੋਵੇਗਾ।

ਇੰਦ੍ਰਜੀਤ—ਕਿਸਦੇ ਨਾਲ ?

ਇੰਦ੍ਰਾਣੀ—ਇਹ ਤਾਂ ਮੈਨੂੰ ਪਤਾ ਨਹੀਂ ?

ਇੰਦ੍ਰਜੀਤ—ਤਾਂ ਵਿਆਹ ਕਰਨ ਵਾਲੇ ਕੌਣ ਹਨ ? ਤੁਹਾਡੇ ਮਾਂ ਪਿਓ ਹੋਣਗੇ ?

ਇੰਦ੍ਰਾਣੀ—ਜੀ ਮੇਰੇ ਮਾਤਾ ਪਿਤਾ ਨਹੀਂ ਹਨ ਕੇਵਲ

CC-0. Kashmir Research Institute. Digitized by eGangotri

ਗੁਰੂ ਮਹਾਰਾਜ ਹਨ ਉਨਾਂ ਦੀ ਆਗਿਆ ਮੰਨੂੰ ਮਾਤਾ ਪਿਤਾ ਤੋਂ ਵਧੀਕ ਮੰਨਣੀ ਪੈਂਦੀ ਹੈ।

ਭੈਰੋਂ—(ਇੰਦ੍ਰਾਣੀ ਨੂੰ) ਇਸ ਤਲਿਸਮ ਦੇ ਅੰਦਰ ਕਲ੍ਹ ਪਰਸੋਂ ਕਿਸ ਹੋਰ ਦਾ ਭੀ ਵਿਆਹ ਹੋਣ ਵਾਲਾ ਹੈ ?

ਇੰਦ੍ਰਾਣੀ—ਨਹੀਂ।

ਭੈਰੋਂ—ਪਰ ਅਸਾਂ ਤਾਂ ਸੁਣਿਆਂ ਹੈ ?

ਇੰਦ੍ਰਾਣੀ—ਕਦੀ ਨਹੀਂ। ਜੇ ਇਹ ਗੱਲ ਹੁੰਦੀ ਤਾਂ ਪਹਿਲਾਂ ਸਾਨੂੰ ਖ਼ਬਰ ਹੁੰਦੀ।

ਇੰਦ੍ਰਾਣੀ ਦਾ ਉੱਤਰ ਸੁਣਕੇ ਭੈਰੋਂਸਿੰਘ ਨੇ ਮੁਸਕਰਾਉਂਦੇ ਹੋਏ ਕੌਰ ਇੰਦ੍ਰਜੀਤ ਸਿੰਘ ਤੇ ਆਨੰਦ ਸਿੰਘ ਵੱਲ ਵੇਖਿਆ ਤੇ ਦੋਵੇਂ ਕੁਮਾਰ ਭੀ ਉਸਦਾ ਭਾਵ ਸਮਝ ਗਏ ਤੇ ਸਿਰ ਨੀਵਾਂ ਕਰ ਲਿਆ।

ਇੰਦ੍ਰਜੀਤ—(ਇੰਦ੍ਰਾਣੀ ਨੂੰ) ਕੀ ਤੁਸੀ ਲੋਕ ਪਰਦਾ ਨਹੀਂ ਕਰਦੇ ?

ਇੰਦ੍ਰਾਣੀ—ਪਰਦੇ ਦਾ ਵਿਚਾਰ ਤਾਂ ਬਹੁਤ ਹੈ ਪ੍ਰੰਤੂ ਉਸ ਆਦਮੀ ਪਾਸੋਂ ਪਰਦਾ ਕਰਨਾ ਬਹੁਤ ਪਾਪ ਸਮਝਿਆ ਜਾਂਦਾ ਹੈ ਜਿਸਨੂੰ ਈਸ਼ੂਰ ਨੇ ਤੁਲਿਸਮ ਤੋੜਨ ਦੀ ਸ਼ਕਤੀ ਦਿੱਤੀ ਹੋਵੇ। ਤਲਿਸਮ ਤੋੜਨ ਵਾਲੇ ਨੂੰ ਅਸੀ ਆਪਣਾ ਈਸ਼ੂਰ ਸਮਝੀਏ ਤਾਂ ਠੀਕ ਹੈ।

ਆਨੰਦ—ਤਾਂ ਕੀ ਤੁਸੀ ਰਾਜਾ ਗੋਪਾਲ ਸਿੰਘ ਦੇ ਪਾਸ ਜਾ ਸੱਕਦੀ ਹੋ ? ਜਾਂ ਮੇਰੀ ਚਿੱਠੀ ਪੁਚਾ ਸੱਕਦੀ ਹੋ ?

ਇੰਦ੍ਰਾਣੀ—ਮੈਂ ਆਪ ਰਾਜਾ ਗੋਪਾਲਸਿੰਘ ਪਾਸ ਜਾ ਸੱਕਦ

Digitized by eGangotri

ਹਾਂ ਆਪਣਾ ਆਦਮੀ ਭੇਜ ਸੱਕਦੀ ਹਾਂ ਪ੍ਰੰਤੂ ਅੱਜ ਕੱਲ ਅਜਿਹਾ ਕਰਨ ਦਾ ਸਮਾਂ ਨਹੀਂ ਕਿਉਂਕਿ ਅੱਜ ਕੱਲ ਮਾਯਾ ਰਾਣੀ ਖਾਸ ਬਾਗ ਵਿਚ ਆਈ ਹੈ ਉਸਦਾ ਤੇ ਰਾਜਾ ਗੋਪਾਲ ਸਿੰਘ ਦਾ ਝਗੜਾ ਹੋ ਰਿਹਾ ਹੈ ਸੋ ਅੱਜ ਕੱਲ ਰਾਜਾ ਗੋਪਾਲਸਿੰਘ ਭੀ ਇਕ ਦੇ ਅਨੇਕ ਬਣੇ ਹੋਏ ਹਨ ਸ਼ਾਇਦ ਇਹ ਗੱਲ ਆਪਨੂੰ ਮਲੂਮ ਹੋਵੇਗੀ ?

ਇੰਦ੍ਰਜੀਤ—ਹਾਂ ਮਲੂਮ ਹੈ ।

ਇੰਦ੍ਰਾਣੀ—ਅਜੇਹੀ ਦਸ਼ਾ ਵਿਚ ਸਾਡਾ ਜਾਂ ਸਾਡੇ ਨੌਕਰਾਂ ਦਾ ਓਥੇ ਜਾਣਾ ਅਨੁਚਿਤ ਹੀ ਨਹੀਂ ਸਗੋਂ ਦੁਖਦਾਈ ਹੋਵੇਗਾ ।

ਇੰਦ੍ਰਜੀਤ—ਹਾਂ ਇਹ ਤਾਂ ਠੀਕ ਹੈ ।

ਇੰਦ੍ਰਾਣੀ—ਮੈਂ ਆਪਦਾ ਭਾਵ ਸਮਝ ਗਈ ਹਾਂ ਆਪ ਉਸ ਹਿੱਸੇ ਬਾਬਤ ਰਾਜਾ ਗੋਪਾਲ ਸਿੰਘ ਨੂੰ ਲਿਖਣਾ ਚਾਹੁੰਦੇ ਹੋ ਜਿਸ ਵਿਚ ਕਿਸ਼ੋਰੀ ਕਾਮਨੀ ਆਦਿਕ ਹਨ । ਪਰ ਅਜੇਹਾ ਕਰਨ ਦੀ ਕੁਝ ਲੋੜ ਨਹੀਂ ਹੈ ਕਿਉਂਕਿ ਦੋ ਕੁ ਦਿਨ ਸੰਤੋਖ ਕਰੋ ਤਦ ਤੱਕ ਆਪ ਹੀ ਰਾਜਾ ਗੋਪਾਲ ਸਿੰਘ ਜੀ ਏਥੇ ਆ ਜਾਣਗੇ ।

ਇੰਦ੍ਰਜੀਤ—ਹੱਛਾ ਇਹ ਦੱਸੋ ਕਿ ਸਾਡੀ ਚਿੱਠੀ ਕਿਸ਼ੋਰੀ ਜਾਂ ਕਮਲਨੀ ਪਾਸ ਪੁਚਾ ਸੱਕਦੀ ਹੋ ?

ਇੰਦ੍ਰਾਣੀ—ਜੀ ਹਾਂ ਸਗੋਂ ਉਸਦਾ ਉੱਤਰ ਭੀ ਮੰਗਵਾ ਸੱਕਦੀ ਹਾਂ ਪਰ ਬੜੇ ਅਚੰਭੇ ਦੀ ਗੱਲ ਹੈ ਕਿ ਕਮਲਨੀ ਨੇ ਆਪਦੇ ਪਾਸ ਕੋਈ ਪੱਤ੍ਰ ਨਹੀਂ ਭੇਜਿਆ । ਇਸ ਵਿਚ ਭੀ ਕੋਈ ਸੰਦੇਹ ਨਹੀਂ ਕਿ ਆਪਦੇ ਆਉਣ ਦੀ ਖਬਰ ਭੀ ਉਸਨੂੰ ਹੈ ।

ਇੰਦ੍ਰਜੀਤ—ਸ਼ਾਇਦ ਕੋਈ ਕਾਰਨ ਹੋਵੇਗਾ । ਹੱਛਾ ਫੇਰ ਮੈਂ ਕਮਲਨੀ ਦੇ ਨਾਉਂ ਇਕ ਚਿੱਠੀ ਲਿਖ ਦੇਵਾਂ ?

CC-0. Kashmir Research Institute. Digitized by eGangotri

ਇੰਦ੍ਰਾਣੀ—ਤਾਂ ਲਿਖ ਦੇਵੇ, ਮੈਂ ਓਸਦਾ ਉੱਤਰ ਮੰਗਵਾ ਦੇਵਾਂਗੀ।

ਇੰਦ੍ਰਜੀਤ ਸਿੰਘ ਨੇ ਭੈਰੋਂ ਸਿੰਘ ਵੱਲ ਦੇਖਿਆ, ਭੈਰੋਂ ਸਿੰਘ ਨੇ ਆਪਣੇ ਬਟੂਏ ਵਿਚੋਂ ਝੱਟ ਲਿੱਖਣ ਦਵਾਤ ਕੱਢਕੇ ਰੱਖ ਦਿੱਤੀ ਤੇ ਕਾਗਤ ਭੀ ਕੁਮਾਰ ਨੂੰ ਦੇ ਦਿੱਤਾ, ਕੁਮਾਰ ਨੇ ਇਕ ਚਿੱਠੀ ਲਿਖਕੇ ਬੰਦ ਕਰਕੇ ਇੰਦ੍ਰਾਣੀ ਦੇ ਹਵਾਲੇ ਕੀਤੀ ਉਸ ਵਿਚ ਇਹ ਲਿਖਿਆ ਸੀ:—

ਮੇਰੀ.....ਕਮਲਨੀ !

ਇਹ ਤਾਂ ਮੈਨੂੰ ਪਤਾ ਹੀ ਹੈ ਕਿ ਕਿਸ਼ੋਰੀ, ਕਾਮਨੀ, ਲੱਛਮੀ ਦੇਵੀ ਤੇ ਲਾਡਲੀ ਨੂੰ ਨਾਲ ਲੈਕੇ ਤੂੰ ਰਾਜਾ ਗੋਪਾਲ ਸਿੰਘ ਦੀ ਆਗਿਆ ਅਨੁਸਾਰ ਇਥੇ ਆਈ ਹੋਈ ਹੈਂ ਪਰ ਮੈਨੂੰ ਇਸ ਗੱਲ ਦਾ ਬੜਾ ਸ਼ੋਕ ਹੈ ਕਿ ਤੇਰਾ ਮਨ ਜੋ ਕਿਸੇ ਸਮੇਂ ਮੱਖਣ ਤੋਂ ਵਧੀਕ ਨਰਮ ਹੁੰਦਾ ਸੀ ਹੁਣ ਫੌਲਾਦ ਵਾਂਗ ਕਠੋਰ ਹੋਗਿਆ ਹੈ। ਇਸ ਗੱਲ ਦਾ ਤਾਂ ਵਿਸਵਾਸ਼ ਹੋ ਹੀ ਨਹੀਂ ਸੱਕਦਾ ਕਿ ਜੇ ਤੂੰ ਚਾਹੇਂ ਤਾਂ ਮੈਨੂੰ ਨਹੀਂ ਮਿਲ ਸੱਕਦੀ ਪ੍ਰੰਤੂ ਇਸ ਗੱਲ ਦਾ ਖੇਦ ਜਰੂਰ ਹੈ ਕਿ ਕਿਸਤਰਾਂ ਦਾ ਅਪਰਾਧ ਭੀ ਨਾ ਹੋਣ ਤੇ ਤੂੰ ਮੈਨੂੰ ਦੁੱਧ ਦੀ ਮੱਖੀ ਵਾਂਗ ਆਪਣੇ ਮਨ ਵਿਚੋਂ ਕੱਢਕੇ ਸੁੱਟ ਦਿੱਤਾ ਹੈ ਸੁਖ ! ਤੇਰੇ ਮਨ ਦੀ ਪਕਿਆਈ ਤੇ ਕਠੋਰ ਹੋਣ ਦਾ ਪ੍ਰਮਾਨ ਤਾਂ ਤੇਰੇ ਅਨੋਖੇ ਕੰਮਾਂ ਤੋਂ ਹੀ ਮਿਲ ਚੁੱਕਾ ਹੈ ਪ੍ਰੰਤੂ ਕਿਸ਼ੋਰੀ ਵੱਲੋਂ ਅਜੇ ਤੱਕ ਮੇਰਾ ਮਨ ਇਸ ਗੱਲ ਦੀ ਉਗਾਹੀ ਨਹੀਂ ਦਿੰਦਾ ਕਿ ਓਹ ਭੀ ਮੈਨੂੰ ਤੇਰੇ ਵਾਂਗ ਦਿਲੋਂ ਭੁਲਾ ਦੇਣ ਦੀ ਸਾਮਰਥ ਰੱਖਦੀ ਹੈ ਪਰ ਕੀਹ ਕੀਤਾ ਜਾਵ ਪ੍ਰਾਧੀਨਤਾ ਦੀ ਬੇੜੀ ਉਸਦੇ ਪੈਰਾਂ ਵਿਚ ਹੈ ਤੇ ਲਚਾਰੀ ਦੀ

Digitized by eGangotri

ਮੋਹਰ ਉਸਦੇ ਮੂੰਹ ਤੇ। ਪ੍ਰੰਤੂ ਇਨਾਂ ਗਲਾਂ ਦਾ ਤਾਂ ਲਿਖਣਾ ਹੀ ਹੁਣ ਵਿਆਰਥ ਹੈ ਕਿਉਂਕਿ ਤੂੰ ਤਾਂ ਆਪ ਸੁਤੰਤਰ ਹੈਂ, ਮੈਨੂੰ ਮਿਲੇਂ ਜਾਂ ਨ ਮਿਲੇਂ ਇਹ ਤੇਰੀ ਇੱਛਾ ਹੈ ਪ੍ਰੰਤੂ ਆਪਣੀ ਤੇ ਆਪਣੇ ਸਾਥੀਆਂ ਦੀ ਸੁਖ ਸ਼ਾਂਤ ਤਾਂ ਲਿਖਦਿਆ ਕਰੋ। ਜੇ ਮੈਨੂੰ ਇਸ ਜੋਗ ਭੀ ਨ ਸਮਝੇਂ ਤਾਂ ਜਾਣਦੇ।

ਕੀ ਲਿਖਾਂ ਕਿਸਦਾ

ਇੰਦ੍ਰਜੀਤ

ਆਨੰਦ-ਸਿੰਘ ਦੀ ਭੀ ਮਰਜੀ ਸੀ ਕਿ ਆਪਣੇ ਮਨ ਦਾ ਕੁਛ ਹਾਲ ਕਾਮਨੀ ਤੇ ਲਾਡਲੀ ਨੂੰ ਲਿਖੇ ਪਰੰਤੂ ਕਈਆਂ ਗਲਾਂ ਦਾ ਧਿਆਨ ਕਰਕੇ ਰੁਕ ਗਿਆ ਤੇ ਇੰਦ੍ਰਾਣੀ ਇੰਦ੍ਰਜੀਤ ਸਿੰਘ ਦੀ ਲਿਖੀ ਹੋਈ ਚਿਠੀ ਲੈਕੇ ਚਲੀ ਗਈ ਤੇ ਆਪਣੀ ਛੋਟੀ ਭੈਣ ਨੂੰ ਨਾਲ ਲੈ ਗਈ ਤੇ ਜਾਂਦੀ ਹੋਈ ਕਹਿ ਗਈ ਕਿ:-ਹੁਣ ਮੈਂ ਦੀਵੇ ਜਗਣ ਦੇ ਉਪਰੰਤ ਆਪ ਨੂੰ ਮਿਲਾਂਗੀ ਤਦ ਤਕ ਆਪ ਲੋਕ ਇਸ ਬਾਗ ਦੀ ਸੈਰ ਕਰੋ ਪ੍ਰੰਤੂ ਕਿਸੇ ਮਕਾਨ ਦੇ ਅੰਦਰ ਜਾਣਦਾ ਸਾਹਸ ਨ ਕਰਨਾ।

ਸਤਵਾਂ ਕਾਂਡ

ਹੁਣ ਥੋੜਾ ਜੇਹਾ ਹਾਲ ਰਾਜਾ ਗੋਪਾਲ ਸਿੰਘ ਦਾ ਲਿਖਦੇ ਹਾਂ,ਜਦ ਓਹ ਬਰਾਮਦੇ ਵਿਚੋਂ ਤਕਣ ਵਾਲਾ ਆਦਮੀ ਮਾਯਾਰਾਣੀ ਦੇ ਚਲਾਏ ਹੋਏ ਤਲਿਸਮੀ ਤਮਾਚੇ ਦੀ ਗੋਲੀ ਦੇ ਅਸਰ ਨਾਲ

CC-0. Kashmir Research Institute. Digitized by eGangotri

ਬੇਹੋਸ਼ ਹੋਕੇ ਥਲ ਆ ਪਿਆ ਤਾਂ ਭੀਮਸੈਨ ਉਸਦੇ ਮੂੰਹ ਤੋਂ ਨਕਾਬ ਹਟਾਕੇ ਸੂਰਤ ਵੇਖਦਿਆਂ ਹੀ ਬੋਲ ਉਠਿਆ ਵਾਹਵਾ ਇਹ ਤਾਂ ਰਾਜਾ ਗੋਪਾਲ ਸਿੰਘ ਹੈ ਤਦ ਮਾਯਾ ਰਾਣੀ ਬਹੁਤ ਪ੍ਰਸੰਨ ਹੋਈ ਅਰ ਬੋਲੀ ਬਸ ਬਸ ਹੁਣ ਢਿਲ ਨਹੀਂ ਕਰਨੀ ਚਾਹੀਦੀ ਝਟ ਸਿਰ ਧੜ ਤੋਂ ਵਖ ਕਰ ਦੇਵੋ।

ਭੀਮ—ਨਹੀਂ ਨਹੀਂ, ਝਟ ਪਟ ਮਾਰ ਦੇਣਾ ਠੀਕ ਨਹੀਂ ਹੈ ਸਗੋਂ ਕੈਦ ਕਰਕੇ ਤਲਿਸਮ ਦਾ ਕੁਛ ਹਾਲ ਮਲੂੰਮ ਕਰਨਾ ਚਾਹੀਦਾ ਹੈ।

ਮਾਯਾ—ਮੈਂ ਏਸ ਨੂੰ ਕੈਦ ਕਰਕੇ ਬੜੀਆਂ ਰਮੌਖਿਆਈਆਂ ਦਿਤੀਆਂ ਤਦ ਭੀ ਏਸ ਨੇ ਕੁਛ ਨਹੀਂ ਦਸਿਆ ਹੁਣ ਕਦ ਦਸੇਗਾ ਏਸ ਨੂੰ ਤਾਂ ਮਾਰ ਦੇਣਾ ਹੀ ਠੀਕ ਹੈ।

ਇਸ ਉੱਤਰ ਵਿਚ ਓਸੇ ਬਰਾਮਦੇ ਵਿਚੋਂ ਜਿਸ ਵਿਚੋਂ ਆਦਮੀ ਹੇਠਾਂ ਡਿਗਾ ਸੀ ਕਿਸੇ ਨੇ ਕਿਹਾ:—ਤਲਿਸਮ ਦਾ ਹਾਲ ਜਾਣਨ ਦਾ ਅਜੇ ਭੀ ਚਾਉ ਹੈ ? ਇਸ ਗਲ ਦੀ ਖਬਰ ਹੀ ਨਹੀਂ ਕਿ ਹੁਣ ਤੁਹਾਡੇ ਮਰਨ ਵਿਚ ਕੇਵਲ ਸਤ ਘੰਟੇ ਦੀ ਢਿੱਲ ਹੈ।

ਸਕਨਾ ਨੇ ਫੇਰ ਹੈਰਾਨ ਹੋ ਕੇ ਉਪਰ ਵਲ ਵੇਖਿਆ ਤੇ ਫੇਰ ਇਕ ਆਦਮੀ ਨੂੰ ਉਸੇ ਬਰਾਮਦੇ ਵਿਚ ਫਿਰਦੇ ਵੇਖਿਆ ਪਰ ਹੁਣ ਉਸ ਆਦਮੀ ਦੇ ਮੂੰਹ ਤੇ ਨਕਾਬ ਨਹੀਂ ਸੀ ਤੇ ਇਕ ਜਗਦੀ ਹੋਈ ਮੋਮਬਤੀ ਉਸਦੇ ਹਥ ਵਿਚ ਸੀ ਜਿਸ ਨਾਲ ਉਸਦਾ ਰੋਬਦਾਰ ਚੇਹਰਾ ਸਾਫ ਨਜਰ ਆ ਰਿਹਾ ਸੀ। ਮਾਯਾਰਾਣੀ ਤੇ ਓਸਦੇ ਸਾਥੀਆਂ ਨੂੰ ਇਹ ਵੇਖਕੇ ਬੜਾ ਅਚੰਭਾ ਹੋਇਆ ਕਿ ਇਹ ਦੂਸਰਾ ਆਦਮੀ ਭੀ ਰਾਜਾ ਗੋਪਾਲ ਸਿੰਘ ਹੀ ਨਜਰ

Digitized by eGangotri

ਆਉਂਦਾ ਸੀ ਸਰੀਰ ਪਹਿਲੇ ਪਾਸੋਂ ਇਹ ਠੀਕ ਰਾਜਾ ਗੋਪਾਲ ਸਿੰਘ ਦਿਸਦਾ ਸੀ। ਇਸ ਗਲ ਨੇ ਉਸਦਾ ਕਲੇਜਾ ਕੰਬਾ ਦਿਤਾ ਤੇ ਓਹ ਐਉਂ ਉਸ ਪਾਸੇ ਵੇਖਣ ਲਗ ਪਈ ਜਿੰਵੇਂ ਕੋਈ ਬਨ ਵਿਚ ਅਚਣ ਚੇਤ ਆ ਪਏ ਸ਼ੇਰ ਵਲ ਵੇਖਦਾ ਹੈ।

ਸਭਨਾਂ ਨੂੰ ਆਪਣੇ ਵਲ ਵੇਖਕੇ ਉਸ ਆਦਮੀ ਨੇ ਫੇਰ ਕਿਹਾ:—ਨਾ ਤਾਂ ਓਹ ਰਾਜਾ ਗੋਪਾਲ ਸਿੰਘ ਹੈ ਤੇ ਨਾ ਤੁਹਾਨੂੰ ਉਸ ਦੇ ਮੂੰਹੋ ਕੁਛ ਤਲਿਸਮ ਦਾ ਭੇਦ ਮਲੂਮ ਹੋ ਸਕਦਾ ਹੈ, ਓਹ ਚੰਡਾਲਨੀ ਮਾਯਾ ਰਾਣੀ! ਤੂੰ ਤਾਂ ਕਈ ਵਰਹੇ ਮੇਰੇ ਪਾਸ ਰਹਿ ਚੁਕੀ ਹੈਂ ਕੀ ਤੂੰ ਭੀ ਮੈਨੂੰ ਨਹੀਂ ਪਛਾਣਦੀ? ਰਾਜਾ ਗੋਪਾਲ ਸਿੰਘ ਮੈਂ ਹਾਂ ਕਿ ਇਹ ਹੈ? ਕੀ ਤੂੰ ਉਸਦੇ ਮਧਰੇ ਹੋਣ ਵਲ ਭੀ ਧਿਆਨ ਨਹੀਂ ਕੀਤਾ? ਜੇ ਓਹ ਗੋਪਾਲ ਸਿੰਘ ਹੁੰਦਾ ਤਾਂ ਗੋਲੀ ਖਾਕੇ ਡਿਗ ਕਿਉਂ ਪੈਂਦਾ? ਤੂੰ ਮੇਰੇ ਤੇ ਇਕ ਨਹੀਂ ਪੰਜਾਹ ਗੋਲੀਆਂ ਚਲਾਕੇ ਵੇਖ ਲੈ ਕੁਛ ਅਸਰ ਹੁੰਦਾ ਹੈ!

ਇਸ ਨਵੇਂ ਗੋਪਾਲ ਸਿੰਘ ਦੀ ਗਲ ਸੁਣਕੇ ਮਾਯਾ ਰਾਣੀ ਦੀ ਰਹੀ ਸਹੀ ਹੋਸ਼ ਭੀ ਉਡ ਗਈ ਤੇ ਉਸ ਨੂੰ ਮੌਤ ਅਖਾਂ ਦੇ ਸਾਹਮਣੇ ਫਿਰਦੀ ਦਿਸੀ, ਭਾਵੇਂ ਉਸਨੇ ਇਸ ਗੋਪਾਲ ਸਿੰਘ ਤੇ ਭੀ ਤਲਿਸਮੀ ਗੋਲੀ ਚਲਾਉਣ ਦੀ ਸਲਾਹ ਕੀਤੀ ਪਰ ਹੁਣ ਉਸਦੇ ਹਥਾਂ ਵਿਚ ਏਤਨੀ ਹਿੰਮਤ ਹੀ ਨਹੀਂ ਸੀ ਕਿ ਓਹ ਗੋਲੀ ਚਲਾ ਸਕੇ, ਇਸੇ ਤਰਾਂ ਉਸਦੇ ਸਾਥੀ ਭੀ ਘਬਰਾਕੇ ਇਸ ਨਵੇਂ ਰਾਜਾ ਗੋਪਾਲ ਸਿੰਘ ਵਲ ਦੇਖਦੇ ਹੋਏ ਮਨ ਵਿਚ ਸੋਚਦੇ ਸਨ ਕਿ ਵਿਅਰਥ ਇਨ ਮਾਯਾਰਾਣੀ ਦੇ ਆਖੇ ਲੱਗਕੇ ਏਥੇ ਆਏ।

CC-0. Kashmir Research Institute. Digitized by eGangotri

ਇਸ ਨਵੇਂ ਗੋਪਾਲ ਸਿੰਘ ਨੇ ਫੇਰ ਉਚੀ ਕਿਹਾ:—ਹਾਂ ਹਾਂ ਸੋਚਦੀ ਕੀ ਹੈਂ ? ਤਲਿਸਮੀ ਤਮਾਚਾ ਚਲਾਕੇ ਤਮਾਸ਼ਾ ਵੇਖ ਲੈ, ਜਾਂ ਕਹੋਂ ਤਾਂ ਮੈਂ ਆਪ ਤੇਰੇ ਪਾਸ ਆਵਾਂ ? ਓਹ ਭੀਮਸੈਨ ਆਦਿਕੋ ! ਤੁਸੀ ਕਿਉਂ ਇਸਦੇ ਧੋਖੇ ਵਿਚ ਫਸਕੇ ਆਪਣੀ ਜਾਨ ਗਵਾ ਰਹੇ ਹੋ ? ਕੀ ਤੁਸੀ ਸਮਝਦੇ ਹੋ ਕਿ ਇਹ ਤਲਿਸਮ ਦੀ ਰਾਣੀ ਬਣ ਜਾਵੇਗੀ ਤੇ ਤੁਹਾਨੂੰ ਵਿਚੋਂ ਕੁਛ ਹਿੱਸਾ ਦੇ ਦੇਵੇਗੀ ? ਕਦੀ ਨਹੀਂ ਹੁਣ ਇਸਦੀ ਜਾਨ ਕਿਸੇਤਰਾਂ ਨਹੀਂ ਬਚ ਸੱਕਦੀ, ਮੈਂ ਹੁਣੇ ਹੇਠਾਂ ਆਕੇ ਕੰਮ ਠੀਕ ਕਰਦਾ ਹਾਂ ਜੇ ਤੁਸੀ ਲੋਕ ਆਪਣੀ ਜਾਨ ਬਚਾਉਣੀ ਚਾਹੁੰਦੇ ਹੋ ਤਾਂ ਮਾਯਾਰਾਣੀ ਦਾ ਧਿਆਨ ਛੱਡਕੇ ਹੁਣੇ ਉਸ ਚਿੱਟੇ ਸੰਗ ਮਰਮਰ ਦੇ ਥੜੇ ਤੇ ਨੱਸਕੇ ਚੜ੍ਹ ਜਾਓ। ਖਬਰਦਾਰ ਦੂਸਰੀ ਥਾਂ ਤੇ ਨਾ ਖਲੋਣਾ ਤੇ ਨਾ ਮੇਰੇ ਆਉਣ ਤੋਂ ਪਹਿਲਾਂ ਹੀ ਓਥੋਂ ਹਟਕੇ ਕਿਤੇ ਜਾਣਾ ਨਹੀਂ ਤਾਂ ਪਛਤਾਓਗੇ।

ਇਹ ਕਹਿਕੇ ਉਸ ਨਵੇਂ ਗੋਪਾਲ ਸਿੰਘ ਨੇ ਮੋਮਵੱਟੀ ਹੱਥੋਂ ਸੁੱਟ ਦਿੱਤੀ ਅਰ ਪਿਛੇ ਹੋਕੇ ਗੁੰਮ ਹੋਗਿਆ। ਹੁਣ ਭੀਮਸੈਨ ਤੇ ਮਾਧਵੀ ਆਦਿਕ ਨੂੰ ਨਿਸਚਾ ਹੋ ਗਿਆ ਕਿ ਮਾਯਾਰਾਣੀ ਦੇ ਕੀਤਿਆਂ ਕੁਛ ਨਹੀਂ ਹੋ ਸੱਕਦਾ ਅਸੀਂ ਕਿਉਂ ਇਸਦੇ ਨਾਲ ਆਕੇ ਆਪਣੇ ਆਪਨੂੰ ਵਿਪਤਾ ਵਿਚ ਫਸਾਇਆ ਇਸ ਤਲਿਸਮੀ ਧਾਗ ਤੇ ਰਾਜਾ ਗੋਪਾਲ ਸਿੰਘ ਦੀ ਮਾਯਾ ਦਾ ਕੁਛ ਅੰਤ ਨਹੀਂ ਆਉਂਦਾ। ਸੋ ਹੁਣ ਮਾਯਾ ਰਾਣੀ ਦਾ ਸਾਥ ਕਰਨਾ ਤੇ ਗੋਪਾਲ ਸਿੰਘ ਦੀ ਗੱਲ ਨਾ ਮੰਨਣੀ ਆਪਣੇ ਹੱਥੀਂ ਆਪਣਾ ਗਲ ਵੱਢਣਾ ਹੈ ਇਹ ਸੋਚਦਿਆਂ ਹੀ ਓਹ ਲੋਕ ਰਾਜਾ ਗੋਪਾਲ ਸਿੰਘ ਦੇ ਕਹੇ ਅਨੁਸਾਰ ਉਸ ਸੰਗਮਰਮਰ ਦੇ ਥੜੇ ਤੇ ਚਲੇ ਗਏ ਜੋ ਓਥੋਂ ਥੋੜੀ

Digitized by eGangotri

ਹੀ ਦੂਰ ਸੀ। ਚਾਹੀਦਾ ਤਾਂ ਇਹ ਸੀ ਕਿ ਗੋਪਾਲ ਸਿੰਘ ਦੇ ਆਂ ਗੋਲਾਂ ਤੋਂ ਡਰਕੇ ਮਾਹਾਰਾਣੀ ਭੀ ਓਹਨਾਂ ਦੇ ਨਾਲ ਹੀ ਉਸ ਬੜੇ ਤੇ ਚੜ ਜਾਂਦੀ ਪਰ ਪਤਾ ਨਹੀਂ ਜੋ ਓਹ ਕੀ ਸੋਚਕੇ ਓਥੋਂ ਨੱਸਕੇ ਫੌਜੀ ਸਿਪਾਹੀਆਂ ਦੀ ਭੀੜ ਵਿਚ ਜਾ ਲਕੀ ਜੋ ਇਸ ਬਾਗ ਵਿਚ ਦੂਰ ਖਲੋਤੇ ਸਨ ਦੇਖ ਰਹੇ ਸਨ ਪਰ ਦੂਰ ਹੋਣ ਕਰਕੇ ਕੁਛ ਸੁਣ ਨਹੀਂ ਸੱਕਦੇ ਸਨ।

ਉਹ ਸੰਗ ਮਰਮਰ ਦਾ ਬੜਾ ਜਿਸਤੇ ਭੀਮਸੈਨ ਆਦਿਕ ਚੜ ਗਏ ਸਨ ਓਹਨਾਂ ਦੇ ਚੜ੍ਹਨ ਦੇ ਥੋੜੇ ਚਿਰ ਪਿਛੋਂ ਬੜੀ ਫੁਰਤੀ ਨਾਲ ਜ਼ਮੀਨ ਦ ਅੰਦਰ ਚਲਾ ਗਿਆ ਏਥੋਂ ਤਕ ਕਿ ਓਹਨਾਂ ਲੋਕਾਂ ਨੂੰ ਛਾਲ ਮਾਰਨ ਦੀ ਭੀ ਮੋਹਲਤ ਨਾ ਮਿਲੀ ਤੇ ਕੁਛ ਚਿਰ ਪਿਛੋਂ ਪਤਾ ਨਹੀਂ ਓਹਨਾਂ ਨੂੰ ਕਿੱਥ ਮੁੱਦਕ ਫੇਰ ਆਪਣੇ ਟਿਕਾਣੇ ਆ ਗਿਆ।

ਇਸ ਵੇਲੇ ਪਹੁ ਫੁੱਟ ਚੁੱਕੀ ਸੀ ਭੀਮਸੈਨ ਆਦਿਕ ਦਾ ਜੋ ਹਾਲ ਚਬੂਤਰੇ ਤੇ ਹੋਇਆ ਓਹ ਸਭ ਫੌਜੀ ਸਿਪਾਹੀ ਵੇਖ ਰਹੇ ਸਨ ਆਪਣੇ ਮ ਲਕ ਤੇ ਉਸਦ ਸ ਥੀਆਂ ਦੀ ਇਹ ਦਸ਼ਾ ਵੇਖਕੇ ਫੌਜੀ ਸਿਪਾਹੀ ਘਬਰਾ ਗਏ ਅਰ ਸੋਚਣ ਲੱਗੇ ਕਿ ਕਿਸੇਤਰਾਂ ਏਥੋਂ ਰਸਤਾ ਮਿਲੇ ਤਾਂ ਨੱਸਕੇ ਜਾਨ ਬਚਾਈਏ। ਓਹਨਾਂ ਨੂੰ ਮਾਹਾਰਾਣੀ ਦਾ ਓਥੇ ਆਉਣਾ ਬੁਰਾ ਮਲੂਮ ਹੋਇਆ ਸੋ ਉਨਾਂ ਨੇ ਬੜੀ ਬੁਰੀ ਤਰਾਂ ਬਲਿਹਾਜ਼ੀ ਨਾਲ ਮ ਹਾਰਾਣੀ ਨੂੰ ਕਿਹਾ ਕਿ ਤਰੇ ਕਾਰਨ ਸਾਡੇ ਮਾਲਕ ਵਿਪਤਾ ਵਿਚ ਫਸੇ ਹਨ ਸੋ ਹੁਣ ਤੂੰ ਏਥੋਂ ਚਲੀ ਜਾਹ ਨਹੀਂ ਤਾਂ ਅਸੀਂ ਜੁੱਤੀਆਂ ਨਾਲ ਤੇਰਾ ਸਿਰ ਪੋਲਾ ਕਰ ਦੇਵਾਂਗੇ, ਤੇਰੇ ਚਲੇ ਜਾਣ ਦੇ ਪਿਛੋਂ ਜੋ ਸਾਡੇ ਨਾਲ ਹੋਵੇਗੀ

CC-0. Kashmir Research Institute. Digitized by eGangotri

ਸੋ ਸਹਿ ਲਵਾਂਗੇ।

ਸ਼ੋਕ! ਅਪਣੀਆਂ ਕਰਤੂਤਾਂ ਦੇ ਕਾਰਨ ਮਾਜਾਰਾਣੀ ਅੱਜ ਇਸ ਦਸ਼ਾ ਨੂੰ ਪਹੁੰਚ ਗਈ ਕਿ ਸਾਧਾਰਣ ਸਿਪਾਹੀਆਂ ਦੀਆਂ ਘੁਰਕੀਆਂ ਸਹਾਰੇ ਤੇ ਜੁੱਤੀਆਂ ਖਾਵੇ। ਜਦ ਮਾਜਾਰਾਣੀ ਨੇ ਸਿਪਾਹੀਆਂ ਦੀ ਗੱਲ ਨਾ ਮੰਨੀ ਤਾਂ ਓਹਨਾਂ ਵਿਚੋਂ ਇਕ ਦੋਹਾਂ ਨੇ ਸੱਚ ਮੁਚ ਓਸਨੂੰ ਜੁੱਤੀਆਂ ਮਾਰੀਆਂ। ਓਸੇ ਵੇਲੇ ਉਪਰੋਂ ਕਿਸੇ ਨੇ ਅਵਾਜ਼ ਦਿੱਤੀ। ਜਿਸ ਥਾਂ ਤੇ ਇਹ ਸਿਪਾਹੀ ਸਨ ਓਸਤੋਂ ਥੋੜੀ ਹੀ ਦੂਰ ਤੇ ਇਕ ਬੁਰਜ ਸੀ ਇਸੇ ਬੁਰਜ ਉਪਰ ਚੜ ਹੋਏ ਰਾਜਾ ਗੋਪਾਲ ਸਿੰਘ ਨੂੰ ਸਿਪਾਹੀਆਂ ਨੇ ਵੇਖਿਆ ਤੇ ਸਮਝਿਆ ਕਿ ਇਹ ਅਵਾਜ਼ ਓਹਨਾਂ ਨੇ ਹੀ ਦਿੱਤੀ ਹੈ। ਰਾਜਾ ਗੋਪਾਲ ਸਿੰਘ ਦੀ ਕਾਰਰਵਾਈ ਨਾਲ ਸਿਪਾਹੀਆਂ ਦੇ ਅੱਗੇ ਹੀ ਹੌਸਲੇ ਟੁੱਟ ਚੁੱਕੇ ਸਨ ਸੋ ਓਹਨਾਂ ਦਾ ਅਫਸਰ ਹੱਥ ਜੋੜਕੇ ਬੋਲਿਆ ਆਗਜਾ!

ਗੋਪਾਲ—ਅਸੀ ਚੰਗੀ ਤਰਾਂ ਜਾਣਦੇ ਹਾਂ ਕਿ ਤੁਸੀ ਲੋਕ ਨਿਰ ਅਪ੍ਰਾਧ ਹੋ, ਜੋ ਕੁਛ ਅਪ੍ਰਾਧ ਹੈ ਤੁਹਾਡੇ ਮਾਲਕਾਂ ਦਾ ਹੈ ਸੋ ਤੁਸਾਂ ਦੇਖ ਹੀ ਲਿਆ ਹੈ ਕਿ ਓਹ ਆਪਣੀ ਕਰਨੀ ਭੁਗਤ ਰਹੇ ਹਨ ਹੁਣ ਓਹ ਲੋਕ ਜੀਉਂਦੇ ਨਹੀਂ ਜੋ ਤੁਹਾਨੂੰ ਆਕੇ ਮਿਲਣਗੇ ਸੋ ਹੁਣ ਤੁਹਾਨੂੰ ਆਗਜਾ ਦਿੱਤੀ ਜਾਂਦੀ ਹੈ ਕਿ ਤੁਸੀ ਲੋਕ ਆਪਣੀ ਆਪਣੀ ਜਾਨ ਬਚਾਕੇ ਨੱਸ ਜਾਓ। ਜੇ ਤੁਹਾਡੀ ਇਹ ਮਰਜ਼ੀ ਹੋਵੇ ਤਾਂ ਬੂਹਾ ਖੋਹਲ ਦਿੱਤਾ ਜਾਵੇ ਬਾਗੋਂ ਬਾਹਰ ਹੋਕੇ ਜਿਥੇ ਤੁਹਾਡੀ ਮਰਜ਼ੀ ਹੋਵੇ ਚਲੇ ਜਾਵੋ। ਜੇ ਤੁਸੀ ਲੋਕ ਚਾਹੋਗੇ ਤੇ ਆਪਣੀ ਨੇਕ ਨਿਯਤੀ ਦਾ ਪ੍ਰਮਾਨ ਦੇਵੋਗੇ ਤਾਂ ਤੁਹਾਨੂੰ ਨੌਕਰੀ ਭੀ ਮਿਲ ਜਾਵੇਗੀ।

Digitized by eGangotri

ਫੌਜੀ ਅਫਸਰ—(ਹਥ ਜੋੜਕੇ) ਆਪ ਮਹਾਰਾਜਾ ਹੋ ਸਭ ਕੁਛ ਜਾਣਦੇ ਹੋ ਕਿ ਫੌਜੀ ਸਿਪਾਹੀ ਕੇਵਲ ਤਨਖਾਹ ਵਾਸਤੇ ਲੜਦੇ ਹਨ ਕੋਈ ਰਾਜ ਜਾਂ ਜਮੀਨ ਵਾਸਤੇ ਨਹੀਂ ਲੜਦੇ, ਮੈਂ ਜੋ ਕੋਈ ਰਾਜ ਵਾਸਤੇ ਲੜੇ ਜਾਂ ਸਾਨੂੰ ਤਨਖਾਹ ਦੇਵੇ ਸਭ ਕਸੂਰ ਉਸੇ ਦਾ ਸਮਝਿਆ ਜਾਂਦਾ ਹੈ। ਸਾਡੇ ਮਾਲਕ ਬੇਸਮਝ ਸਨ ਆਪਦੇ ਪ੍ਰਤਾਪ ਨੂੰ ਨ ਸਮਝਕੇ ਮਾਯਾਰਾਣੀ ਦੇ ਫੇਰ ਵਿਚ ਆਕੇ ਨਸ਼ਟ ਹੋ ਗਏ। ਅਸੀ ਹੁਣ ਆਪਦੇ ਅਧੀਨ ਹਾਂ ਅਰ ਚਾਹੁੰਦੇ ਹਾਂ ਕਿ ਸਾਨੂੰ ਇਸ ਕੈਦ ਤੋਂ ਨਿਰੀ ਛੁਟੀ ਹੀ ਨਾ ਮਿਲੇ ਸਗੋਂ ਨੌਕਰੀ ਭੀ ਦਿਤੀ ਜਾਵੇ ਅਸੀ ਇਸੇ ਸਮੇਂ ਤੋਂ ਆਪਣੇ ਆਪਨੂੰ ਆਪਦਾ ਤਾਬੇਦਾਰ ਸਮਝਦੇ ਹਾਂ।

ਗੋਪਾਲ—ਹਛਾ ਜੋ ਤੁਸੀਂ ਚਾਹੁੰਦੇ ਹੋ ਓਹੋ ਹੋਵੇਗਾ। ਇਸ ਵੇਲੇ ਤੋਂ ਤੁਹਾਨੂੰ ਆਪਣਾ ਨੌਕਰ ਸਮਝਕੇ ਆਗਜਾ ਦਿਤੀ ਜਾਂਦੀ ਹੈ ਕਿ ਮਾਯਾਰਾਣੀ ਨੂੰ ਜੋ ਤੁਹਾਡੇ ਪਾਸ ਆਈ ਹੋਈ ਹੈ ਕੱਢ ਦੇਵੋ ਅਰ ਖੂਬ ਜੁਤੀਆਂ ਲਗਾਓ ਅਰ (ਹਥ ਦੀ ਸੈਨਤ ਕਰਕੇ) ਉਸ ਕੰਧ ਦੇ ਕੋਲ ਚਲੇ ਜਾਓ ਓਥੇ ਇਕ ਛੋਟਾ ਜੇਹਾ ਇਕ ਬੂਹਾ ਖੁਲਾ ਹੋਇਆ ਨਜ਼ਰ ਆਵੇਗਾ ਬਸ ਓਸੇ ਦੇ ਰਸਤੇ ਬਾਹਰ ਚਲੇ ਜਾਓ ਤੇ ਬਾਹਰ ਜਾਕੇ ਕਿਸੇ ਥਾਂ ਮੈਦਾਨ ਵਿਚ ਡੇਰਾ ਕਰੋ ਸਾਡਾ ਦੀਵਾਨ ਆਪ ਤੁਹਾਡੇ ਪਾਸ ਆਕੇ ਸਭ ਪ੍ਰਬੰਧ ਕਰ ਦੇਵੇਗਾ ਖਬਰਦਾਰ ਇਸ ਗਲ ਦਾ ਧਿਆਨ ਰਖਣਾ ਕਿ ਮਾਯਾਰਾਣੀ ਤੁਹਾਡੇ ਨਾਲ ਬਾਹਰ ਚਲੀ ਜਾਵੇ ਤੇ ਨਾ ਕੋਈ ਤੁਹਾਡਾ ਆਦਮੀ ਓਸਦਾ ਸਾਥ ਦੇਵੇ।

ਫੌਜੀ ਅਫਸਰ—ਸਤ ਬਚਨ।

CC-0. Kashmir Research Institute. Digitized by eGangotri

ਮਾਯਾਰਾਣੀ ਦੀ ਦੁਰਦਸ਼ਾ ਤਾਂ ਹੋ ਹੀ ਚੁਕੀ ਸੀ ਤੇ ਫੇਰ ਭੀ ਦੂਰ ਖਲੋਤੀ ਹੋਈ ਸਭ ਕੁਛ ਵੇਖ ਰਹੀ ਸੀ ਤੇ ਸੁਣ ਹੀ ਰਹੀ ਸੀ ਓਸਨੂੰ ਫੌਜੀ ਸਿਪਾਹੀਆਂ ਤ ਬੜਾ ਕ੍ਰੋਧ ਆਇਆ ਅਰ ਓਥੇ ਨੱਸਕੇ ਪਛਮ ਵਾਲੇ ਦਲਾਨ ਵਿਚ ਚਲੀ ਗਈ ਤੇ ਓਥੇ ਲੁਕਕੇ ਤਲਿਸਮੀ ਤਮਾਚਾ ਓਨਾਂ ਸਿਪਾਹੀਆਂ ਤੇ ਚਲਾਉਣ ਲਗ ਪਈ ਜੋ ਗੋਪਾਲ ਸਿੰਘ ਦੀ ਆਗਜਾ ਅਨੁਸਾਰ ਬੂਹੇ ਵਲ ਜਾ ਰਹੇ ਸਨ ਇਨਾਂ ਗੋਲੀਆਂ ਦਾ ਧੂੰਆਂ ਬਹੁਤਬ ਸ਼ੀ ਕਰਦਾ ਸੀਸੋਵਿਚਾਰੇ ਸਿਪਾਹੀ ਬੂਹੇ ਤਕ ਪਹੁੰਚਣ ਤੋਂ ਪਹਿਲਾਂ ਹੀ ਬੇਹੋਸ਼ ਹੋਕੇ ਲੇਟ ਗਏ।

ਇਸ ਕਾਰਰਵਾਈ ਨਾਲ ਮਾਯਾ ਰਾਣੀ ਬਹੁਤ ਪ੍ਰਸੰਨ ਹੋਈ ਪ੍ਰੰਤੂ ਉਸਦੀ ਇਹ ਪ੍ਰਸੰਨਤਾ ਬਹੁਤ ਚਿਰ ਤਕ ਨਾ ਰਹੀ ਕਿਉਂ ਕਿ ਉਸ ਵੇਲੇ ਰਾਜਾ ਗੋਪਾਲ ਸਿੰਘ ਓਨਾਂ ਸਿਪਾਹੀਆਂ ਵਲ ਗਿਆ ਓਹ ਹੈਰਾਨ ਹੋਕੇ ਓਸ ਪਾਸੇ ਵੇਖਣ ਲਗ ਪਈ ਕਿ ਦੇਖੀਏ ਹੁਣ ਕੀ ਹੁੰਦਾ ਹੈ। ਰਾਜਾ ਗੋਪਾਲ ਸਿੰਘ ਜੀ ਨੇ ਜਾਂਦਿਆਂ ਹੀ ਇਕ ਗੋਲਾ ਸਿਪਾਹੀਆਂ ਦੇ ਵਿਚਕਾਰ ਸੁਟਿਆ ਜੋ ਭਾਰੀ ਅਵਾਜ਼ ਦੇਕੇ ਪਾਟ ਗਿਆ ਤੇ ਉਸ ਵਿਚੋਂ ਬੜਾ ਹੀ ਧੂੰਆਂ ਨਿਕਲਿਆ ਤੇ ਸਭ ਫੌਜੀ ਸਿਪਾਹੀ ਓਸਦੇ ਵਿਚ ਲੁਕ ਗਏ ਜਿਸਦੇ ਅਸਰ ਨਾਲ ਸਭ ਫੌਜੀ ਸਿਪਾਹੀ ਹੋਸ਼ ਵਿਚ ਆ ਗਏ ਤੇ ਹੈਰਾਨ ਹੋਕੇ ਇਕ ਦੂਸਰੇ ਦੇ ਮੂੰਹ ਵਲ ਵੇਖਣ ਲਗ ਪਏ ਸਿਪਾਹੀਆਂ ਦੇ ਸੈਨਾਪਤੀ ਨੇ ਰਾਜਾ ਗੋਪਾਲ ਸਿੰਘ ਨੂੰ ਓਥੇ ਵੇਖਕੇ ਕਿਹਾ ਆਪਨੇ ਹੀ ਸਾਨੂੰ ਬਾਹਰ ਜਾਣ ਦੀ ਆਗਿਆ ਦਿਤੀ ਸੀ ਫੇਰ ਸਾਨੂੰ ਬੇਹੋਸ਼ ਕਿਉਂ ਕੀਤਾ ਗਿਆ ਸੀ ?

Digitized by eGangotri

ਇਸਦੇ ਉੱਤਰ ਵਿਚ ਰਾਜਾ ਗੋਪਾਲ ਸਿੰਘ ਨੇ ਕਿਹਾ ਕਿ ਤੁਹਾਨੂੰ ਅਸਾਂ ਨਹੀਂ ਬੇਹੋਸ਼ ਕੀਤਾ ਸਗੋਂ ਮਾਯਾਰਾਣੀ ਨੇ ਬੇਹੋਸ਼ ਕੀਤਾ ਸੀ ਅਰ ਅਸਾਂ ਤਹਾਨੂੰ ਹੋਸ਼ ਵਿਚ ਲਿਆਂਦਾ ਹੈ ਹੁਣ ਤੁਸੀ ਇਕ ਪਲ ਭਰ ਭੀ ਏਥੇ ਨਾ ਠਹਿਰੋ ਤੇ ਬਾਹਰ ਚਲੇ ਜਾਓ।

ਉਸ ਅਗਸਤ ਨੇ ਝੁਕਕੇ ਪ੍ਰਨਾਮ ਕੀਤਾ ਅਰ ਆਪਣੇ ਸਿਪਾਹੀਆਂ ਨੂੰ ਕੁਛ ਸੈਨਤ ਕਰਕੇ ਆਪ ਅਗੇ ਤੁਰ ਪਿਆ। ਇਹ ਗਲ ਵੇਖਕੇ ਮਾਯਾਰਾਣੀ ਨੇ ਫੇਰ ਹੋਰ ਗੋਲੀਆਂ ਉਨਾਂ ਤੇ ਚਲਾਈਆਂ ਪ੍ਰੰਤੂ ਉਨਾਂ ਦਾ ਕੁਛ ਅਸਰ ਨਾ ਹੋਇਆ ਤੇ ਓਹ ਸਭ ਬਾਹਰ ਨਿਕਲ ਗਏ ਫੇਰ ਮਾਯਾਰਾਣੀ ਨੂੰ ਇਹ ਭੀ ਕੁਛ ਪਤਾ ਨਾਂ ਲਗਾ ਕਿ ਗੋਪਾਲ ਸਿੰਘ ਕਿਧਰ ਗਿਆ।

ਅਠਵਾਂ ਕਾਂਡ

ਇਸ ਪੁਰ ਭੂਤ ਨਾਥ ਦਾ ਕਿੱਸਾ ਬੜਾ ਹੀ ਬਚਿਤ੍ਰ ਹੈ ਅਜੇ ਤਕ ਭੂਤਨਾਥ ਦਾ ਅਸਲ ਹਾਲ ਮਲੂਮ ਹੋਣ ਵਿਚ ਨਹੀਂ ਆਉਂਦਾ, ਓਹ ਜਿਥ ਜਾਂਦਾ ਹੈ ਓਥੇ ਹੀ ਇਕ ਨਵੀਂ ਘਟਨਾਂ ਹੋ ਜਾਂਦੀ ਹੈ ਜਿਸਨੂੰ ਓਹ ਮਿਲਦਾ ਹੈ ਓਥੇ ਹੀ ਇਕ ਨਵੀਂ ਗਲ ਨਿਕਲ ਆਉਂਦੀ ਹੈ ਤੇ ਜੋ ਕੁਛ ਓਹ ਕਰਦਾ ਹੈ ਓਹ ਅਨੋਖਾ ਹੀ ਕੰਮ

CC-0. Kashmir Research Institute. Digitized by eGangotri

ਹੁੰਦਾ ਹੈ ਇਸ ਵੇਲੇ ਓਹ ਬਲਭਦ੍ਰ ਸਿੰਘ ਦੇ ਨਾਲ ਚੁਨਾਰਗੜ੍ਹ ਵਾਲੇ ਤਲਿਸਮ ਵਿਚ ਹੈ ਏਥੇ ਆਵਨ ਸਾਰ ਉਹ ਸੁਣ ਚੁਕਾ ਹੈ ਕਿ "ਕੱਲ ਰਾਜਾ ਬੀਰੇਂਦ੍ਰ ਸਿੰਘ ਜੀ ਇਥੇ ਆਉਣ ਵਾਲੇ ਹਨ" ਅੱਜ ਨੂੰ ਰਾਜਾ ਬੀਰੇਂਦ੍ਰ ਸਿੰਘ ਨੂੰ ਭੀ ਚੁਨਾਰ ਆਯਾਂ ਕੰਈ ਦਿਨ ਹੋ ਚੁਕੇ ਹੁੰਦੇ ਪਰ ਓਹਨਾਂ ਨੇ ਜਾਣ ਬੁੱਝਕੇ ਰਸਤੇ ਵਿਚ ਬਹੁਤ ਚਿਰ ਲਾ ਦਿੱਤਾ ਤੇ ਨਕਲੀ ਕਿਸ਼ੋਰੀ, ਕਾਮਨੀ ਤੇ ਕਮਲਾ ਦੀ ਕ੍ਰਿਯਾ ਕਰਨ ਦਾ ਬਖੇੜਾ (ਜਿਸਦਾ ਕਰਨਾ ਲੋਕਾਂ ਨੂੰ ਧੋਖਾ ਦੇਣ ਲਈ ਜਰੂਰੀਸੀ, ਰਸਤੇ ਵਿਚ ਹੀ ਮੁਕਾ ਦੇਣਾ ਜਰੂਰੀ ਸਮਝਿਆ ਇਸ ਲਈ ਹੋਰ ਭੀ ਪੰਦਰਾਂ ਵੀਹ ਦਿਨ ਦੀ ਢਿਲ ਰਸਤੇ ਵਿਚ ਪੈ ਗਈ।

ਉਸ ਖੰਡਰ ਵਿਚ ਪਹੁੰਚਕੇ ਰਾਤ ਨੂੰ ਜੋ ਤਮਾਸ਼ਾ ਭੂਤ ਨਾਥ ਨੇ ਵੇਖਿਆ ਸੀ ਜਿਸਦਾ ਹਾਲ ਅਸੀਂ ਕਿਸੇ ਪਿਛਲੇ ਕਾਂਡ ਵਿਚ ਲਿਖ ਚੁਕੇ ਹਾਂ ਅੱਜ ਉਸਦੇ ਅਗਲਾ ਹਾਲ ਲਿਖਕੇ ਪਾਠਕਾਂ ਦੇ ਮਨ ਵਿਚ ਭੂਤਨਾਥ ਵੱਲੋਂ ਕੁਛ ਸ਼ੰਸਾ ਪਾਉਣਾ ਚਾਹੁੰਦੇ ਹਾਂ।

ਬਲਭੱਦ੍ਰ ਸਿੰਘ ਨੇ ਜਦ ਆਪਣੇ ਸਰਹਾਣੇ ਵਾਲਾ ਲਫਾਫਾ ਸ਼ਮਾਦਾਨ ਦੇ ਸਾਹਮਣੇ ਖੋਲ੍ਹਿਆ ਤਾਂ ਉਸਦੇ ਅੰਦਰੋਂ ਇਕ ਅੰਗੂਠੀ ਨਿਕਲੀ ਜਿਸਨੂੰ ਦੇਖਦਿਆਂ ਹੀ ਬਲਭੱਦ੍ਰ ਸਿੰਘ ਨੇ ਇਕ ਚੀਕ ਮਾਰੀ ਤੇ ਬਿਨਾਂ ਕੁਛ ਕਹੇ ਦੇ ਆਪਣੇ ਮੰਜੇ ਤੇ ਆਕੇ ਬੈਠ ਗਿਆ ਭੂਤਨਾਥ ਨੇ ਪੁਛਿਆ ਕਿ ਕਿਉਂ ਜੀ ਇਹ ਮੁੰਦਰੀ ਕੇਹੀ ਹੈ ਅਰੇ ਇਸਨੂੰ ਵੇਖਕੇ ਤੁਸੀਂ ਘਬਰਾ ਕਿਉਂ ਗਏ ਹੋ ?

ਬਲਭੱਦ੍ਰ-ਇਸ ਮੁੰਦਰੀ ਨੇ ਮੈਨੂੰ ਕਈ ਅਜੇਹੀਆਂ ਗੱਲਾਂ ਯਾਦ ਕਰਾ ਦਿੱਤੀਆਂ ਹਨ ਜਿਨਾਂ ਨੂੰ ਮੈਂ ਕਦੇ ੨ ਸੁਪਨੇ ਵਿਚ

ਯਾਦ ਕਰਕੇ ਤੂਬੁਕ ਉਠਦਾ ਸੀ ਅੱਜ ਤਾਂ ਨਹੀਂ ਪਰ ਫੇਰ ਕਦੀ ਇਸਦਾ ਹਾਲ ਤੁਹਾਨੂੰ ਦੱਸਾਂਗਾ।

ਭੂਤ—ਭਲਾ ਦੇਖੋ ਤਾਂ ਸਹੀ ਕਿ ਇਸਦੇ ਅੰਦਰ ਹੋਰ ਕੋਈ ਚਿੱਠੀ ਭੀ ਹੈ ਕਿ ਨਹੀਂ ?

ਬਲਭੱਦ੍ਰ—(ਲਫਾਫਾ ਭੂਤਨਾਥ ਦੇ ਹੱਥ ਦੇਕੇ) ਤੁਸੀਂ ਆਪ ਹੀ ਦੇਖੋ।

ਭੂਤਨਾਥ ਨੇ ਲਫਾਫਾ ਖੋਹਲਕੇ ਵੇਖਿਆ ਉਸ ਵਿਚੋਂ ਇਕ ਚਿੱਠੀ ਕੱਢਕੇ ਦੇਖੋ ਇਹ ਚਿੱਠੀ ਹੈ।

ਬਲਭੱਦ੍ਰ—ਮੈਨੂੰ ਵਿਖਾਓ।

ਭੂਤਨਾਥ ਨੇ ਓਹ ਚਿੱਠੀ ਬਲਭੱਦ੍ਰ ਸਿੰਘ ਨੂੰ ਦੇ ਦਿੱਤੀ ਤੇ ਉਸਨੇ ਪੜ੍ਹੀ ਇਹ ਲਿਖਿਆ ਸੀ :—

"ਇਹ ਮੁੰਦਰੀ ਦੇਕੇ ਤੁਹਾਨੂੰ ਵਿਸਵਾਸ਼ ਕਰਾਉਂਦੇ ਹਾਂ ਕਿ ਤੁਸੀ ਸਾਡੇ ਤੇ ਅਸੀ ਤੁਹਾਡੇ ਹਾਂ, ਭੂਤਨਾਥ ਨੂੰ ਆਪਣਾ ਸੱਚਾ ਸਹਾਇਕ ਸਮਝੋ ਤੇ ਜੋ ਕਛ ਓਹ ਕਹੇ ਓਹ ਕਰੋ। ਭੂਤਨਾਥ ਇਹ ਨਹੀਂ ਜਾਣਦਾ ਕਿ ਅਸੀ ਕੌਣ ਹਾਂ ਪਰ ਕੱਲ ਅਸੀ ਓਸਨੂੰ ਮਿਲਕੇ ਆਪਣਾ ਪਤਾ ਦੇਵਾਂਗੇ ਤੇ ਜੋ ਕੁਛ ਕਹਿਣਾ ਹੋਵੇਗਾ ਕਹਾਂਗੇ।

ਇਹ ਚਿੱਠੀ ਪੜ੍ਹਕੇ ਦੋਹਾਂ ਦੇ ਮਨ ਵਿਚ ਕੁਛ ਸੰਦੇਹ ਜੇਹਾ ਹੋਇਆ ਤੇ ਕੁਛ ਗੱਲ ਬਾਤ ਕਰਨ ਦੇ ਬਿਨਾਂ ਹੀ ਦੋਵੇਂ ਆਪਣੇ ਆਪਣੇ ਬਿਸਤਰਿਆਂ ਤੇ ਜਾ ਬੈਠੇ ਪਰ ਬਾਕੀ ਦੀ ਰਾਤ ਦੋਹਾਂ ਨੇ ਅੱਖਾਂ ਵਿਚ ਹੀ ਕਿਤ ਈ।

ਦੂਸਰੇ ਦਿਨ ਸਵੇਰੇ ਹੀ ਪੰਨਾ ਲਾਲ ਏਯਾਰ ਇਨਾਂ ਦੇ ਪਾਸ ਪਹੁੰਚਾ ਤੇ ਰਾਤ ਦੀ ਸੁਖਸਾਂਦ ਪੁਛੀ ਇਹਨਾਂ ਦੋਹਾਂ ਨੇ ਭੀ

CC-0. Kashmir Research Institute. Digitized by eGangotri

ਸੰਸਾਰਕ ਰੀਤ ਨਾਲ ਉੱਤਰ ਦਿੱਤਾ ਤੇ ਗੱਲ ਬਾਤ ਕੀਤੀ ਪਰ ਰਾਤ ਦੀ ਵਿਚੱਤ੍ਰ ਗੱਲ ਦਾ ਕੁਛ ਪਤਾ ਨਾ ਦੱਸਿਆ।

ਸਾਰਾ ਦਿਨ ਦੋਹਾਂ ਦਾ ਬੜੇ ਚੈਨ ਨਾਲ ਬੀਤਿਆ, ਜੀਤ ਸਿੰਘ ਭੀ ਆਕੇ ਮਿਲਿਆ ਤੇ ਕਈ ਤਰਾਂ ਦੀਆਂ ਗੱਲਾਂ ਹੁੰਦੀਆਂ ਰਹੀਆਂ ਪ੍ਰੰਤੂ ਜੀਤ ਸਿੰਘ ਤੇ ਉਹਨਾਂ ਦੀ ਆਗਿਆ ਅਨੁਸਾਰ ਕਿਸੇ ਨੇ ਭੀ ਇਨਾਂ ਦੋਹਾਂ ਤੋਂ ਮੁਕਦਮੇਂ ਬਾਬਤ ਕੁਛ ਨਾ ਪੁੱਛਿਆ ਕਿਉਂਕਿ ਇਸ ਗੱਲ ਦਾ ਪਹਿਲੇ ਹੀ ਨਿਬੇੜਾ ਹੋ ਚੁੱਕਾ ਸੀ ਕਿ ਰਾਜਾ ਬੀਰੇਂਦ੍ਰ ਸਿੰਘ ਦੇ ਆਏ ਤੋਂ ਬਿਨਾਂ ਕੋਈ ਭੀ ਭੂਤਨਾਥ ਤੋਂ ਕਿਸੇਤਰਾਂ ਦੀ ਗੱਲ ਬਾਤ ਨਾ ਪੁਛੇ।

ਅੱਜ ਕਿਸੇ ਵੇਲੇ ਰਾਜਾ ਬੀਰੇਂਦ੍ਰ ਸਿੰਘ ਦੇ ਪਹੁੰਚਣ ਦੀ ਖਬਰ ਸੀ ਪਰ ਓਹ ਨਾ ਆਏ। ਤੂਕਾਲਾਂ ਵੇਲੇ ਹਰਕਾਰੇ ਨੇ ਆਕੇ ਜੀਤ ਸਿੰਘ ਨੂੰ ਖਬਰ ਦਿੱਤੀ ਕਿ ਰਾਜਾ ਸਾਹਿਬ ਕੱਲ ਸੰਧਯਾਂ ਵੇਲ ਏਥੇ ਆ ਪਹੁੰਚਣਗੇ, ਭੂਤਨਾਥ ਤੇ ਬਲਭੱਦ੍ਰ ਸਿੰਘ ਦੇ ਆਉਣ ਦੀ ਖਬਰ ਓਹਨਾਂ ਨੂੰ ਹੋਗਈ ਹੈ।

ਸੰਧਯਾਂ ਪੈਣ ਦੇ ਨਾਲ ਹੀ ਭੂਤਨਾਥ ਦੇ ਮਨਵਿਚ ਧੁਕਧੁਕੀ ਹੋਣ ਲੱਗ ਪਈ ਕਿ ਵੇਖੀਏ ਹੁਣ ਕੀ ਹੁੰਦਾ ਹੈ ਅੱਜ ਰਾਤ ਕੀਹੀ ਗੁਜਰਦੀ ਹੈ ਉਸ ਤਲਿਸਮੀ ਚਬੂਤਰੇ ਦੇ ਅੰਦਰੋਂ ਕੌਣ ਨਿਕਲਦਾ ਹੈ ਤੇ ਕੀਹ ਕਹਿੰਦਾ ਹੈ।

ਅੱਧੀ ਰਾਤ ਤੋਂ ਕੁਛ ਵਧੀਕ ਬੀਤ ਗਈ ਸੀ ਕੱਲ ਵਾਂਗ ਅੱਜ ਭੀ ਇਸ ਮਕਾਨ ਵਿਚ ਸਭ ਪਾਸੇ ਚੁਪ ਚਾਪ ਸੀ, ਭੂਤਨਾਥ ਤੇ ਬਲਭੱਦ੍ਰ ਸਿੰਘ ਆਪਣੀਆਂ ੨ ਮੰਜੀਆਂ ਤੇ ਲੰਮੇ ਪਏ ਹੋਏ ਸਨ ਪਰ ਨੀਂਦ ਕਿਸੇ ਦੀਆਂ ਅੱਖਾਂ ਵਿਚ ਨਹੀਂ ਸੀ ਤੇ ਦੋਵੇਂ ਉਸ

Digitized by Panjab Digital Library

ਤਲਿਸਮੀ ਚਬੂਤਰੇ ਵੱਲ ਦੇਖ ਰਹੇ ਸਨ।

ਭੂਤਨਾਥ ਨੇ ਵੇਖਿਆ ਕਿ ਕੱਲ ਵਾਂਗ ਅੱਜ ਭੀ ਉਸ ਤਲਿਸਮੀ ਚਬੂਤਰੇ ਦਾ ਬੂਹਾ ਖੁਲਿਆ ਹੈ ਤੇ ਇਕ ਆਦਮੀ ਕਾਲੀ ਚਦਰ ਲਈ ਅੰਦਰੋਂ ਨਿਕਲਿਆ ਤੇ ਭੌਂਦਾ ਫਿਰਦਾ ਉਸੇ ਕਮਰੇ ਵਿਚ ਆਗਿਆ ਜਿਸ ਵਿਚ ਇਹ ਦੋਵੇਂ ਬੈਠੇ ਹੋਏ ਸਨ, ਕਮਰੇ ਦੇ ਅੰਦਰ ਪੈਰ ਰਖਦਿਆਂ ਹੀ ਇਹ ਦੋਵੇਂ ਉਠ ਬੈਠੇ।

ਉਸ ਆਦਮੀ ਨੇ ਹਥ ਦੀ ਸੈਨਤ ਨਾਲ ਬਲਭਦ੍ਰ ਸਿੰਘ ਨੂੰ ਬੈਠਣ ਲਈ ਕਿਹਾ ਤੇ ਭੂਤਨਾਥ ਨੂੰ ਆਪਣੇ ਪਾਸ ਸਦਿਆ। ਭੂਤਨਾਥ ਨੇ ਮੰਜੀ ਤੋਂ ਉਤਰ ਕੇ ਆਪਣਾ ਤਲਿਸਮੀ ਖੰਜਰ ਕਿਲੀ ਨਾਲੋਂ ਲਾਹਕੇ ਹਥ ਵਿਚ ਲੈ ਲੀਤਾ ਤੇ ਫੇਰ ਉਸ ਆਦਮੀ ਦੇ ਪਾਸ ਗਿਆ ਉਸ ਆਦਮੀ ਨੇ ਭੂਤਨਾਥ ਨੂੰ ਕਮਿਰਓਂ ਬਾਹਰ ਲੈਜਾਕੇ ਹੇਠਾਂ ਪੌੜੀਆਂ ਉਤਰਨ ਲਈ ਕਿਹਾ, ਭੂਤਨਾਥ ਚੁਪ ਚਾਪ ਉਸਦੇ ਨਾਲ ਹੇਠਾਂ ਉਤਰ ਗਿਆ।

ਏਥੇ ਭੀ ਇਕ ਲਾਲਟੈਣ ਜਗ ਰਹੀ ਸੀ ਤੇ ਚੌਹੀਂ ਪਾਸੀਂ ਚੁਪ ਚਾਪ ਸੀ। ਉਸ ਆਦਮੀ ਨੇ ਆਪਣਾ ਮੂੰਹ ਨੰਗਾ ਕਰ ਦਿਤਾ। ਭੂਤਨਾਥ ਉਸਦਾ ਮੂੰਹ ਵੇਖਦਿਆਂ ਹੀ ਤ੍ਰਬੁਕ ਉਠਿਆ ਤੇ ਬੋਲਿਆ ਹੈ! ਮੈਂ ਕਿਸ ਨੂੰ ਦੇਖ ਰਿਹਾ ਹਾਂ! ਕੀ ਇਸ ਵਿਚ ਧੋਖਾ ਤਾਂ ਨਹੀਂ?

ਆਦਮੀ—ਨਹੀਂ ਇਸ ਵਿਚ ਕੁਛ ਧੋਖਾ ਨਹੀਂ ਹੈ, "ਮੇਮਕੁਲਚੇ" ਕਹਿਣ ਨਾਲ ਤੇਰਾ ਭਰਮ ਦੂਰ ਹੋ ਜਾਵੇਗਾ।

ਭੂਤ—ਬਸ ਬਸ ਹੁਣ ਮੇਰਾ ਸੰਦੇਹ ਹਟ ਗਿਆ ਹੈ, ਪਰ ਆਪ ਕਿਥੇ? ਕੀ ਹੁਣ ਮੈਨੂੰ ਕੋਈ ਅਨੋਖਾ ਹੁਕਮ ਦਿਤਾ ਜਾਵੇਗਾ?

CC-0. Kashmir Research Institute. Digitized by eGangotri

ਜਾਂ ਮੈਨੂੰ ਰਾਜਾ ਸਾਹਿਬ ਤੋਂ ਖਿਮਾ ਮੰਗਣ ਦਾ ਸਮਾ ਹੀ ਨਹੀਂ ਮਿਲੇਗਾ ?

ਆਦਮੀ—ਹਾਂ ਤੈਨੂੰ ਹੁਣ ਇਕ ਅਨੋਖਾ ਹੀ ਹੁਕਮ ਦਿਤਾ ਜਾਵੇਗਾ ਪਰ ਇਹ ਦਸੋ ਕਿ ਰਾਜਾ ਸਾਹਿਬ ਵਲੋਂ ਤੁਸਾਂ ਕੀ ਸੁਣਿਆ ਹੈ ? ਓਹ ਕਦ ਤਕ ਏਥੇ ਆ ਪਹੁੰਚਣਗੇ ?

ਭੂਤ—ਰਾਜਾ ਬੀਰੇਂਦਰ ਸਿੰਘ ਜੀ ਕਲ ਜਰੂਰ ਏਥੇ ਆ ਜਾਣਗੇ। ਅਜ ਹਰਕਾਰੇ ਨੇ ਇਹ ਜੀਤ ਸਿੰਘ ਜੀ ਨੂੰ ਖਬਰ ਪੁਚਾਈ ਸੀ।

ਆਦਮੀ—(ਕੁਛ ਸੋਚਕੇ) ਤਦ ਤਾਂ ਬੜੀ ਔਖਯਾਈ ਹੋਈ। ਸਾਡੇ ਵਾਸਤੇ ਨਹੀਂ ਸਗੋਂ ਤੇਰੇ ਵਾਸਤੇ।

ਭੂਤ—(ਕੰਬਕੇ) ਓਹ ਕਿਉਂ ? ਹੁਣ ਮੈਂ ਕੇਹੜਾ ਨਵਾਂ ਅਪਰਾਧ ਕੀਤਾ ਹੈ ?

ਆਦਮੀ—ਨਵਾਂ ਅਪਾਧ ਕੀਤਾ ਨਹੀਂ ਤਾਂ ਹੁਣ ਕਰਨਾ ਪਵੇਗਾ।

ਭੂਤ—ਨਹੀਂ ਨਹੀਂ ਹੁਣ ਮੈਂ ਕੋਈ ਅਪਾਧ ਨਹੀਂ ਕਰਾਂਗਾ, ਮੈਂ ਜੋ ਕੁਛ ਕਰ ਚੁਕਾ ਹਾਂ ਓਸੇ ਦਾ ਕਲੰਕ ਮਿਟਣਾ ਔਖਾ ਹੋ ਗਿਆ ਹੈ।

ਆਦਮੀ—ਪਰ ਕੀ ਕੀਤਾ ਜਾਵੇ ਲਾਚਾਰੀ ਹੈ ਅਪਾਧ ਤਾਂ ਕਰਨਾ ਹੀ ਪਵੇਗਾ ਸੋ ਭੀ ਇਸ ਵੇਲੇ।

ਭੂਤ—(ਕੁਛ ਸੋਚਕੇ) ਹਛਾ ਇਹ ਤਾਂ ਦਸੋ ਕੀ ਪਾਪ ਕਰਨਾ ਪਵੇਗਾ ?

ਆਦਮੀ—ਇਹ ਤਾਂ ਜਾਣਦੇ ਹੀ ਹੋ ਕਿ ਬਲਭਦ੍ਰ ਸਿੰਘ

ਸਾਡਾ ਹੈ।

ਭੂਤ—ਜੀ ਹਾਂ, ਪਰ ਇਸ ਵੇਲੇ ਤਾਂ ਮੇਰੀ ਜਾਨ ਬਚਾਉਣ ਵਾਲਾ ਹੈ।

ਆਦਮੀ—ਇਸ ਵਿਚ ਕੀ ਸੰਦੇਹ ਹੈ।

ਭੂਤ—ਫੇਰ ਹੁਣ ਆਪ ਕੀ ਚਾਹੁੰਦੇ ਹੋ ?

ਆਦਮੀ—ਬਸ ਏਹੋ ਕਿ ਇਸ ਵੇਲੇ ਬਲਭਦ੍ਰ ਸਿੰਘ ਨੂੰ ਬੇਹੋਸ਼ ਕਰਕੇ ਸਾਡੇ ਹਵਾਲੇ ਕਰ ਦੇਵੋ, ਅਸੀ ਤਾਂ ਕਲ ਹੀ ਚੁਕ ਕੇ ਲੈ ਜਾਂਦੇ ਪਰ ਕਲ ਸਾਨੂੰ ਮਲੂਮ ਹੋਗਿਆ ਸੀ ਕਿ ਤੂੰ ਜਾਗ ਰਿਹਾ ਹੈਂ ਤੇ ਲੜਨ ਲਈ ਤਿਆਰ ਹੋ ਜਾਂਵੇਗਾ ਇਸ ਲਈ ਸੋਚਿਆ ਕਿ ਪਹਿਲਾਂ ਤੈਨੂੰ ਆਪਣਾ ਪਤਾ ਦਸ ਦੇਈਏ ਫੇਰ ਇਹ ਕੰਮ ਕਰੀਏ ਜਿਸ ਕਰਕੇ ਤੇਰਾ ਮਨ ਭੀ ਸੰਸੇ ਵਿਚ ਨਾ ਰਹੇ।

ਭੂਤ—ਬੜੀ ਔਕੜ ਆ ਪਈ ! ਹਛਾ ਕਲ ਉਨਾਂ ਨੂੰ ਰਾਜਾ ਬੀਰੇਂਦ੍ਰ ਸਿੰਘ ਨੂੰ ਮਿਲ ਲੈਣ ਦੇਵੋ।

ਆਦਮੀ—ਇਹ ਨਹੀਂ ਹੋ ਸਕਦਾ, ਓਨਾਂ ਨੂੰ ਅਸੀਂ ਅਜ ਹੀ ਲੈ ਜਾਵਾਂਗੇ ਨਹੀਂ ਤਾਂ ਸਾਡਾ ਬੜਾ ਹਰਜ ਹੋਵੇਗਾ ਤੇ ਉਸ ਹਰਜ ਵਿਚ ਤੇਰੀ ਭੀ ਹਾਨੀ ਹੈ।

ਭੂਤ—ਹਾਇ ! ਦੁਖ ਤੇ ਹਾਨੀ ਵਾਸਤੇ ਤਾਂ ਮੈਂ ਜੰਮਿਆਂ ਹੀ ਹਾਂ ਪਤਾ ਨਹੀਂ ਜੋ ਮੇਰੇ ਭਾਗਾਂ ਵਿਚ ਨਿਸਚਿੰਤ ਹੋਣਾ ਭੀ ਲਿਖਿਆ ਹੈ ਕਿ ਨਹੀਂ। ਰਾਜਾ ਬੀਰੇਂਦ੍ਰ ਸਿੰਘ ਜੀ ਸੁਣ ਚੁਕੇ ਹਨ ਕਿ ਭੂਤ ਨਾਥ ਬਲਭੱਦ੍ਰ ਸਿੰਘ ਨੂੰ ਛੁਡਾ ਲਿਆਯਾ ਹੈ ਹੁਣ ਜੇ ਆਪ ਇਸ ਵੇਲੇ ਉਨਾਂ ਨੂੰ ਲੈ ਜਾਉਗੇ ਤੇ ਕਲ ਰਾਜਾ ਬੀਰੇਂਦ੍ਰ ਸਿੰਘ ਮੈਥੋਂ ਮੰਗਣਗੇ ਤਾਂ ਮੈਂ ਕੀ ਉੱਤਰ ਦੇਵਾਂਗਾ ?

CC-0. Kashmir Research Institute. Digitized by eGangotri

ਆਦਮੀ—ਕਹਿ ਦੇਵੀਂ ਕਿ ਮੈਂ ਰਾਤ ਨੂੰ ਸੁਤਾ ਪਿਆ ਸੀ ਪਤਾ ਨਹੀਂ ਜੋ ਬਲਭਦ੍ਰ ਸਿੰਘ ਕਿਥੇ ਚਲਾ ਗਿਆ ਹੈ ਆਪਣੇ ਪਹਿਰੇ ਦਾਰਾਂ ਤੋਂ ਪੁਛੋ।

ਭੂਤ—ਜੇ ਆਪ ਨਹੀਂ ਮੰਨੋਗੇ ਤਾਂ ਅਜੇਹਾ ਕੈਹਣਾ ਹੀ ਪਵੇਗਾ

ਆਦਮੀ—ਤਾਂ ਬੱਸ ਹੁਣ ਢਿੱਲ ਨਾ ਕਰੋ ਛੇਤੀ ਬੇਹੋਸ਼ ਕਰਕੇ ਸਾਡੇ ਪਾਸ ਲੈ ਆਓ।

ਭੂਤ—ਜਿਸ ਵੇਲੇ ਮੈਂ ਬਲਭੱਦ੍ਰ ਸਿੰਘ ਨੂੰ ਛੁਡਾਯਾ ਸੀ ਉਸ ਵੇਲੇ ਉਸਨੂੰ ਨਿਸਚਾ ਨਹੀਂ ਹੁੰਦਾ ਸੀ ਕਿ ਮੈਂ ਉਸਦੇ ਨਾਲ ਨੇਕੀ ਕਰ ਰਿਹਾ ਹਾਂ ਬੜੇ ਔਖ ਨਾਲ ਉਸਨੂੰ ਵਿਸ਼ਵਾਸ ਕਰਾਯਾ ਸੀ, ਇਸ ਸਮੇਂ ਆਪ ਜਾਣਦੇ ਹੀ ਹੋ ਕਿ ਉਹ ਜਾਗ ਰਹੇ ਹਨ ਆਪ ਭੀ ਉਹਨਾਂ ਨੂੰ ਬੈਠੇ ਰਹਿਣ ਲਈ ਕਹਿ ਆਏ ਹੋ ਹੁਣ ਜੇ ਮੈਂ ਉਹਨਾਂ ਨੂੰ ਬਦੋਬਦੀ ਬੇਹੋਸ਼ ਕਰਾਂਗਾ ਤਾਂ ਉਹਨਾਂ ਦੇ ਮਨ ਵਿਚ ਕੀ ਆਵੇਗਾ ? ਕੀ ਉਹ ਇਹ ਨਹੀਂ ਸਮਝਣਗੇ ਕਿ ਭੂਤਨਾਥ ਨੇ ਮੇਰੀ ਜਾਨ ਸ਼ੁੱਧ ਮਨ ਹੋਕੇ ਨਹੀਂ ਬਚਾਈ ?

ਆਦਮੀ—ਜੇ ਅਜੇਹਾ ਸਮਝਣਗੇ ਤਾਂ ਸਮਝਣ ਦੇਵੋ ਪਰ ਕੀ ਤੂੰ ਮੇਰਾ ਹੁਕਮ ਨਹੀਂ ਮੰਨੇਂਗਾ ?

ਭੂਤ—ਮੇਰੀ ਕੀ ਮਜਾਲ ਹੈ !

ਇਤਨੇ ਨੂੰ ਓਸੇਤਰਾਂ ਦੀ ਕਾਲੀ ਚੱਦਰ ਉਪਰ ਲਈ ਇਕ ਹੋਰ ਆਦਮੀ ਓਥੇ ਆ ਗਿਆ, ਭੂਤਨਾਥ ਸਮਝ ਗਿਆ ਕਿ ਇਹ ਇਸਦਾ ਸਾਥੀ ਹੈ ਤੇ ਕੱਲ ਭੀ ਇਹੋ ਨਾਲ ਆਯਾ ਸੀ। ਉਸ ਨਵੇਂ ਆਏ ਹੋਏ ਆਦਮੀ ਨੇ ਪਹਿਲੇ ਆਦਮੀ ਨੂੰ ਕੁਛ ਗੁਪਤ ਬੋਲੀ ਵਿਚ ਸਮਝਾਯਾ ਜਿਸਨੂੰ ਭੂਤਨਾਥ ਕੁਛ ਨਾ ਸਮਝ ਸਕਿਆ ਉਪੰਤ

ਓਸਨੇ ਆਪਣੇ ਮੂੰਹ ਤੋਂ ਕਪੜਾ ਹਟਾਕੇ ਭੂਤਨਾਥ ਨੂੰ ਆਪਣੀ ਸੂਰਤ ਵਿਖਾਈ। ਹੁਣ ਤਾਂ ਭੂਤਨਾਥ ਦੀ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ ਤੇ ਓਹ ਘਬਰਾਕੇ ਬੋਲ ਉਠਿਆ ਨਹੀਂ ਨਹੀਂ ਮੈਂ ਜਾਗਦਾ ਨਹੀਂ ਇਹ ਸਭ ਜੋ ਕੁਛ ਮੈਂ ਦੇਖ ਰਿਹਾ ਹਾਂ ਸੁਪਨਾ ਹੈ।

ਦੂਸਰਾ ਆਦਮੀ—ਭੂਤਨਾਥ ! ਕੀ ਤੂੰ ਪਾਗਲ ਹੋਗਿਆ ਹੈਂ?

ਭੂਤ—ਬੇਸ਼ਕ ਏਹੋ ਗੱਲ ਹੈ ਜਾਂ ਤਾਂ ਮੈਂ ਸੁਪਨਾ ਵੇਖ ਰਿਹਾ ਹਾਂ ਜਾਂ ਪਾਗਲ ਹੋਗਿਆ ਹਾਂ।

ਪਹਿਲਾ ਆਦਮੀ—ਨਾਂ ਤਾਂ ਤੂੰ ਪਾਗਲ ਹੋਗਿਆ ਹੈਂ ਤੇ ਨਾ ਇਹ ਸੁਪਨਾ ਹੈ ਜੋ ਕੁਛ ਤੂੰ ਦੇਖ ਸੁਣ ਰਿਹਾ ਹੈਂ ਸਭ ਠੀਕ ਹੱਛਾ ਤੂੰ ਹੁਣ ਸਾਡੇ ਨਾਲ ਆ ਜਾਹ, ਕਿਸੇ ਹਨੇਰੀ ਥਾਂ ਤੇ ਖਲੋਕੇ ਗੱਲਾਂ ਕਰਾਂਗੇ ਏਥੇ ਕੇਵਲ ਇਸ ਲਈ ਖਲੋਤੇ ਸਾਂ ਕਿ ਤੈਨੂੰ ਆਪਣੀ ਸੂਰਤ ਵਿਖਾ ਦੇਈਏ।

ਇਹ ਕਹਿਕੇ ਓਹ ਦੋਵੇਂ ਆਦਮੀ ਭੂਤਨਾਥ ਦਾ ਹੱਥ ਫੜਕੇ ਓਸਨੂੰ ਦੂਸਰੇ ਦਾਲਾਨ ਵਿਚ ਲੈਗਏ ਜਿੱਥੇ ਉੱਕਾ ਹੀ ਹਨੇਰਾ ਸੀ ਓਥੇ ਏਜਾਰੀ ਭਾਸ਼ਾ ਵਿਚ ਗੱਲਾਂ ਕਰਦੇ ਰਹੇ ਜਿਨਾਂ ਦਾ ਹਾਲ ਅੱਗੇ ਚੱਲਕੇ ਪਾਠਕਾਂ ਨੂੰ ਮਲੂਮ ਹੋਵੇਗਾ। ਫੇਰ ਭੂਤਨਾਥ ਓਥੋਂ ਉਠਕੇ ਬਲਭੱਦ੍ਰ ਸਿੰਘ ਪਾਸ ਆਇਆ ਤੇ ਦੇਖਿਆ ਜੋ ਬਲਭੱਦ੍ਰ ਸਿੰਘ ਅਜੇ ਤੱਕ ਬੈਠਾ ਹੋਯਾ ਉਸਨੂੰ ਉਡੀਕ ਰਿਹਾ ਹੈ।

ਭੂਤਨਾਥ ਨੂੰ ਦੇਖਦਿਆਂ ਹੀ ਬਲਭੱਦ੍ਰ ਸਿੰਘ ਬੋਲ ਉਠਿਆ, ਆਓ ਆਓ ਭੂਤਨਾਥ ਦੱਸੋ ਤਾਂ ਸਹੀ ਓਹ ਆਦਮੀ ਕੌਣ ਸੀ ਜੋ ਤੁਹਾਨੂੰ ਲੈਗਿਆ ਸੀ ?

ਮੈਂ ਸਭ ਹਾਲ ਆਪਨੂੰ ਦੱਸਦਾ ਹਾਂ, ਇਹ ਕਹਿਕੇ ਭੂਤਨਾਥ

CC-0. Kashmir Research Institute. Digitized by eGangotri

ਬਲਭੱਦ੍ਰ ਸਿੰਘ ਦੇ ਪਾਸ ਬੈਠ ਗਿਆ ਪਰ ਇਸਤਰਾਂ ਨਾਲ ਕਿ ਉਸਦੇ ਲੱਕ ਨਾਲ ਬੱਧਾ ਹੋਇਆ ਤਲਿਸਮੀ ਖੰਜਰ ਬਲਭੱਦ੍ਰ ਸਿੰਘ ਦੇ ਪਿੰਡੇ ਨਾਲ ਲੱਗ ਗਿਆ ਤੇ ਉਸੇਵੇਲੇ ਕੰਬਕੇ ਬਲਭੱਦ੍ਰ ਸਿੰਘ ਬੇਹੋਸ਼ ਹੋਗਿਆ।

ਬਲਭੱਦ੍ਰ ਸਿੰਘ ਦੇ ਬੇਹੋਸ਼ ਹੋ ਜਾਣ ਤੇ ਭੂਤਨਾਥ ਨੇ ਓਸਦੀ ਗੰਢ ਬੱਧੀ ਤੇ ਹੇਠਾਂ ਉਤਰਕੇ ਓਹਨਾਂ ਦੋਹਾਂ ਆਦਮੀਆਂ ਦੇ ਪਾਸ ਲੈਗਿਆ ਉਹਨਾਂ ਦੋਹਾਂ ਨੇ ਉਸਨੂੰ ਤਲਿਸਮੀ ਚਬੂਤਰੇ ਪਾਸ ਪੁਚਾ ਦੇਣ ਲਈ ਕਿਹਾ ਫੇਰ ਓਹ ਦੋਵੇਂ ਬੇਹੋਸ਼ ਬਲਭੱਦ੍ਰ ਸਿੰਘ ਨੂੰ ਲੈਕੇ ਚਬੂਤਰੇ ਦੇ ਅੰਦਰ ਚਲੇਗਏ ਤੇ ਬੂਹਾ ਬੰਦ ਹੋਗਿਆ। ਭੂਤਨਾਥ ਭੀ ਕੁਛ ਸੋਚਦਾ ਵਿਚਾਰਦਾ ਆਪਣੇ ਮੰਜੇ ਤੇ ਆਕੇ ਲਟ ਰਿਹਾ।

———o———

ਨੌਵਾਂ ਕਾਂਡ

ਸਵੇਰਾ ਹੋਣ ਤੇ ਪੰਨਾ ਲਾਲ ਜਦ ਭੂਤਨਾਥ ਤੇ ਬਲਭੱਦ੍ਰ ਸਿੰਘ ਨੂੰ ਮਿਲਨ ਆਯਾ ਤਾਂ ਭੂਤਨਾਥ ਨੂੰ ਮੰਜੀ ਤੇ ਸੁਤੇ ਪਏ ਦੇਖਿਆ ਤੇ ਬਲਭੱਦ੍ਰ ਸਿੰਘ ਦਾ ਕੁਛ ਪਤਾ ਨਹੀਂ ਸੀ ਪੰਨਾ ਲਾਲ ਨੇ ਭੂਤਨਾਥ ਨੂੰ ਜਗਾਕੇ ਪੁਛਿਆ ਅੱਜ ਕੀ ਗੱਲ ਹੈ ਜੋ ਤੁਸੀ ਇਸ ਵੇਲੇ ਤੱਕ ਘੁਰਾੜੇ ਮਾਰ ਰਹੇ ਹੋ ?

ਭੂਤ—ਰਾਤੀਂ ਬਲਭੱਦ੍ਰਸਿੰਘ ਜੀ ਨਾਲ ਗੱਲਾਂ ਕਰਦਿਆਂ ਹੀ

Digitized by eGangotri

ਬਹੁਤ ਰਾਤ ਬੀਤ ਗਈ ਏਸੇ ਲਈ ਹੁਣ ਤੱਕ ਅੱਖ ਨਹੀਂ ਖੁਲ੍ਹੀ, ਆਓ ਬੈਠੋ।

ਪੰਨਾ—ਬਲਭੱਦ੍ਰ ਸਿੰਘ ਜੀ ਕਿੱਥੇ ਹਨ ?

ਭੂਤ—ਹੈਂ ! ਓਹ ਕਿਥੇ ਗਏ ! ਮੈਨੂੰ ਤਾਂ ਕੁਛ ਪਤਾ ਨਹੀਂ, ਮੈਨੂੰ ਤਾਂ ਤੁਸਾਂ ਹੀ ਆਕੇ ਜਗਾਯਾ ਹੈ।

ਪੰਨਾ—ਪਰ ਮੈਂ ਓਨਾਂ ਨੂੰ ਕਿਤੇ ਭੀ ਨਹੀਂ ਦੇਖਿਆ।

ਭੂਤ—ਕਿਸੇ ਪਹਿਰੇ ਵਾਲੇ ਨੂੰ ਪੁਛੋ ਸ਼ਾਇਦ ਹਵਾ ਖਾਣ ਬਾਹਰ ਨਿਕਲੇ ਹੋਣ ।

ਬਲਭਦ੍ਰ ਸਿੰਘ ਨੂੰ ਵੇਖਕੇ ਪੰਨਾ ਲਾਲ ਨੂੰ ਬੜਾ ਹੀ ਅਚੰਭਾ ਹੋਇਆ ਤੇ ਭੂਤ ਨਾਥ ਭੀ ਘਬਰਾਯਾ ਹੋਇਆ ਨਜ਼ਰ ਆਇਆ। ਪਹਿਲਾਂ ਭੂਤ ਨਾਥ ਤੇ ਪੰਨਾਲਾਲ ਨੇ ਅੰਦਰ ਢੂੰਡਿਆ ਪਰ ਜਦ ਕੋਈ ਪਤਾ ਨਾ ਲੱਗਾ ਤਾਂ ਬਾਹਰ ਫਾਟਕ ਤੇ ਆਕੇ ਪਹਿਰੇਦਾਰਾਂ ਨੂੰ ਪੁਛਿਆ, ਪਹਿਰੇਦਾਰਾਂ ਤੋਂ ਭੀ ਕੁਛ ਪਤਾ ਨਾ ਲਗਾ ਤੇ ਓਨਾਂ ਨੇ ਕਿਹਾ ਕਿ ਅਸੀਂ ਬਲਭਦ੍ਰ ਸਿੰਘ ਨੂੰ ਬਾਹਰ ਨਿਕਲਦੇ ਨਹੀਂ ਵੇਖਿਆ।

ਬਲਭਦ੍ਰ ਸਿੰਘ ਜੀ ਕਿਥੇ ਚਲੇ ਗਏ, ਅਕਾਸ਼ ਵਿਚ ਉਡ ਗਏ ਕਿ ਜਮੀਨ ਵਿਚ ਧਸ ਗਏ, ਹੋਇਆ ਕੀ ? ਏਸ ਗਲ ਨੇ ਸਭਨਾਂ ਨੂੰ ਸੋਚਾਂ ਵਿਚ ਪਾ ਦਿਤਾ, ਹੌਲੀ ਹੌਲੀ ਇਹ ਗੱਲ ਜੀਤ ਸਿੰਘ ਦੇ ਕੰਨਾਂ ਤਕ ਪਹੁੰਚੀ, ਜੀਤ ਸਿੰਘ ਨੇ ਆਪ ਆਕੇ ਉਸ ਖੰਡਰ ਦਾ ਇਕ-ਮਕਾਨ ਫੋਲਿਆ ਪਰ ਕੁਛ ਪਤਾ ਨਾ ਲੱਗਾ, ਭੂਤਨਾਥ ਤੋਂ ਕਈ ਤਰਾਂ ਦੇ ਪ੍ਰਸ਼ਨ ਪੁਛੇ ਪਰ ਕੁਛ ਲਾਭ ਨਾ ਹੋਇਆ ।

CC-0. Kashmir Research Institute. Digitized by eGangotri

ਸੰਧਜਾਂ ਦੇ ਵੇਲੇ ਰਾਜਾ ਬੀਰੇਂਦ੍ਰ ਸਿੰਘ ਜੀ ਭੀ ਓਥੇ ਆ ਪਹੁੰਚੇ ਅਰ ਸਭ ਖੰਡਰ ਦੇ ਅੰਦਰ ਠਹਿਰੇ ਪਹਿਰ ਰਾਤ ਤਕ ਪ੍ਰਬੰਧ ਹੁੰਦਾ ਰਿਹਾ ਉਪਰੰਤ ਸਭ ਲੋਕ ਰਾਜਾ ਸਾਹਿਬ ਨੂੰ ਮਿਲਨ ਗਏ, ਰਾਜਾ ਸਾਹਿਬ ਨੇ ਆਉਂਦੇ ਹੀ ਬਲਭਦ੍ਰ ਸਿੰਘ ਨੂੰ ਭੂਤਨਾਥ ਦਾ ਹਾਲ ਪੁਛਿਆ। ਜੀਤ ਸਿੰਘ ਨੇ ਬਲਭਦ੍ਰ ਸਿੰਘ ਵਲੋਂ ਸਾਰੀ ਗਲ ਸੁਣਾਈ। ਪਹਿਰ ਰਾਤ ਦੇ ਪਿਛੋਂ ਭੂਤਨਾਥ ਭੀ ਰਾਜਾਸਾਹਿਬ ਦੇ ਪੇਸ਼ ਹੋਇਆ ਰਾਜਾ ਸਾਹਿਬ ਨੇ ਪੁੱਛਿਆ ਕਹੋ ਭੂਤ ਨਾਥ ਆਨੰਦ ਹੋ ?

ਭੂਤ—(ਹਥ ਜੋੜਕੇ) ਮਹਾਰਾਜ ਦੇ ਪ੍ਰਤਾਪ ਨਾਲ ਸਭ ਤਰਾਂ ਆਨੰਦ ਪ੍ਰਸੰਨ ਹਾਂ।

ਬੀਰੇਂਦ੍ਰ—ਰਸਤੇ ਵਿਚ ਸਾਨੂੰ ਜੋ ਕੁਛ ਦੁਖ ਤੇ ਰੰਜ ਹੋਇਆ ਹੈ ਸੋ ਤੁਸਾਂ ਸੁਣਿਆਂ ਹੀ ਹੋਵੇਗਾ।

ਭੂਤ—ਈਸ਼੍ਵਰ ਨਾ ਕਰੇ ਕਿ ਮਹਾਰਾਜ ਨੂੰ ਕੋਈ ਰੰਜ ਤੇ ਦੁਖ ਹੋਵੇ ਪਰ ਹਾਂ ਸਮੇਂ ਅਨੁਸਾਰ ਜੋ ਕੁਛ ਹੋਣਾ ਸੀ ਸਭ ਹੋਗਿਆ।

ਬੀਰੇਂਦ੍ਰ—(ਹੈਰਾਨ ਹੋਕੇ) ਕੀ ਤੁਹਾਨੂੰ ਇਸ ਵਲੋਂ ਕੁਛ ਖਬਰ ਹੈ ?

ਭੂਤ—ਜੀ ਹਾਂ।

ਬੀਰੇਂਦ੍ਰ—ਕਿਸਤਰਾਂ ?

ਭੂਤ—ਇਸਦਾ ਉਤਰ ਦੇਣਾ ਜ਼ਰਾ ਔਖਾ ਹੈ ਕਿਉਂਕਿ ਭੂਤਨਾਥ ਜ਼ਬਾਨ ਪਾਸੋਂ ਕੰਨਾਂ ਤੋਂ ਵਧੀਕ ਕੰਮ ਲੈਂਦਾ ਹੈ।

ਬੀਰੇਂਦ੍ਰ—(ਮੁਸਕ੍ਰਾਕੇ) ਤੇਰੀ ਹੋਸ਼ਯਾਰੀ ਤੇ ਚਲਾਕੀ ਵਿਚ ਤਾਂ ਕੁਛ ਸੰਦੇਹ ਨਹੀਂ ਪਰੰਤੂ ਸ਼ੋਕ ਤਾਂ ਇਸ ਗਲ ਦਾ ਹੈ ਕਿ ਤੇਰੇ

Digitized by eGangotri

ਭੇਤ ਬੜੀ ਹੀ ਦੁਚਿਤੀ ਵਿਚ ਪਾ ਰਹੇ ਹਨ, ਅਜੇ ਕਲ ਦੀ ਗਲ ਹੈ ਕਿ ਤੇਰੇ ਵਲੋਂ ਇਹ ਪ੍ਰਸੰਨਤਾ ਭਰੀ ਸੋਅ ਸੁਣੀ ਸੀ ਕਿ ਤੂੰ ਬਲਭਦ੍ਰ ਸਿੰਘ ਨੂੰ ਕਿਸੇ ਭਾਰੀ ਕੈਦ ਵਿਚੋਂ ਛੁਡਾ ਲੈ ਆਯਾ ਹੈਂ ਪਰ ਅਜ ਕੁਛ ਹੋਰ ਹੀ ਗਲ ਸੁਣ ਰਹੇ ਹਾਂ।

ਭੂਤ—ਜੀ ਹਾਂ ਮੈਂ ਤਾਂ ਆਪਣੇ ਭਾਗਾਂ ਦੀ ਗੁੰਝਲ ਹਰਤਰਾਂ ਖੋਲਨ ਦਾ ਯਤਨ ਕਰ ਰਿਹਾ ਹਾਂ ਪ੍ਰੰਤੂ ਵਿਧਾਤਾ ਨੇ ਕੋਈ ਐਸੀ ਮਰੋੜੀ ਪਾ ਛਡੀ ਹੈ ਕਿ ਖੁਲਨ ਵਿਚ ਹੀ ਨਹੀਂ ਆਉਂਦੀ ਸੋ ਹੁਣ ਨਿਸਚਾ ਹੋਗਿਆ ਹੈ ਕਿ ਇਸ ਸਰੀਰ ਨੂੰ ਚੁਨਾਰ ਗੜ੍ਹ ਦੇ ਕੈਦਖਾਨੇ ਦਾ ਆਨੰਦ ਜ਼ਰੂਰ ਲੈਣਾ ਪਵੇਗਾ।

ਬੀਰੇਂਦ੍ਰ—ਨਹੀਂ ਨਹੀਂ! ਭੂਤਨਾਥ ਭਾਵੇਂ ਭਲਭਦ੍ਰ ਸਿੰਘ ਦਾ ਅਚਾਨਕ ਗੁੰਮ ਹੋ ਜਾਣਾ ਕਈ ਪ੍ਰਕਾਰ ਦੇ ਸੰਸੇ ਉਤਪੰਨ ਕਰਦਾ ਹੈ ਪ੍ਰੰਤੂ ਸਾਨੂੰ ਤੇਰੇ ਤੇ ਕੋਈ ਸੰਦੇਹ ਨਹੀਂ ਹੋਸਕਦਾ, ਜੇ ਤੂੰ ਹੀ ਓਸਨੂੰ ਗੁੰਮ ਕਰਨਾ ਹੁੰਦਾ ਤਾਂ ਏਤਨਾ ਕਸ਼ਟ ਸਹਾਰਕੇ ਛੁਡਾਕੇ ਏਥੋਂ ਤਕ ਲਿਆਉਂਦਾ ਹੀ ਕਿਉਂ? ਸੋ ਤੂੰ ਸਾਡੀ ਨਰ ਜ਼ਗੀ ਵਲੋਂ ਨਿਡਰ ਰਹੁ ਪਰ ਇਸ ਗਲ ਦੀ ਚਿੰਤਾ ਵਿਚ ਰਹੋ ਕਿ ਬਲਭਦ੍ਰ ਸਿੰਘ ਕਿਥੇ ਗਿਆ ਹੈ।

ਭੂਤ—(ਪ੍ਰਨਾਮ ਕਰਕੇ) ਈਸ਼ੂਰ ਆਪਨੂੰ ਸਦਾ ਹੀ ਆਨੰਦ ਰਖੇ, ਮੈਂ ਆਸ਼ਾ ਕਰਦਾ ਹਾਂ ਕਿ ਇਕ ਸਾਤੇ ਦੇ ਅੰਦਰ ਅੰਦਰ ਹੀ ਬਲਭਦ੍ਰ ਸਿੰਘ ਦਾ ਪਤਾ ਕਢਕੇ ਏਥੇ ਲੈ ਆਵਾਂਗਾ।

ਬੀਰੇਂਦ੍ਰ—ਸ਼ਾਬਾਸ਼! ਹਛਾ ਹੁਣ ਤੁਸੀ ਜਾਕੇ ਅਰਾਮ ਕਰੋ।

ਭੂਤਨਾਥ ਓਥੋਂ ਉਠਕੇ ਆਪਣੇ ਡੇਰੇ ਆ ਗਿਆ ਹੋਰ ਲੋਕ ਭੀ ਵਿਦਾ ਕਰ ਦਿਤੇ ਗਏ। ਜ਼ਦ ਰਾਜਾ ਬੀਰੇਂਦ੍ਰ ਸਿੰਘ ਤੇ ਤੇਜ

CC-0. Kashmir Research Institute. Digitized by eGangotri

ਸਿੰਘ ਦੋਵੇਂ ਰੰਹ ਗਏ ਤਾਂ ਇਹ ਆਪਸ ਵਿਚ ਗਲਾਂਕਰਨਲਗੇ:-

ਬੀਰੇਂਦ੍ਰ-ਕੁਛ ਸਮਝ ਵਿਚ ਨਹੀਂ ਆਉਂਦਾ ਕਿ ਇਹ ਕੀ ਗਲ ਹੈ ਭੂਤਨਾਥ ਦੀਆਂ ਗਲਾਂ ਤੇ ਭੀ ਕੁਛ ਸੰਦੇਹ ਨਹੀਂ ਹੁੰਦਾ।

ਤੇਜ-ਜਿਥੋਂ ਤਕ ਪਤਾ ਲਿਆ ਹੈ ਏਹੋ ਮਲੂੰਮ ਹੁੰਦ ਹੈ ਕਿ ਬਲਭਦ੍ਰ ਸਿੰਘ ਜੀ ਇਸ ਇਮਾਰਤ ਤੋਂ ਬਾਹਰ ਨਹੀਂ ਗਏ ਪ੍ਰੰਤੂ ਇਸ ਗਲ ਤੇ ਭੀ ਨਿਸਚਾਕਰਨਾ ਔਖਾ ਹੈ।

ਬੀਰੇਂਦ੍ਰ-ਹਾਂ ਹੈ ਤਾਂ ਏਹੋ ਗਲ!

ਤੇਜ-ਹੁਣ ਦੇਖਣਾ ਚਾਹੀਦਾ ਹੈ ਕਿ ਭੂਤਨਾਥ ਇਕ ਸਾਤੇ ਦੇ ਅੰਦਰ ੨ ਕੀ ਕਰਦਾ ਹੈ।

ਬੀਰੇਂ -ਭਾਵੇਂ ਮੈਂ ਭੂਤਨਾਥ ਨੂੰ ਧੀਰਜ ਦਿਤੀ ਹੈ ਪ੍ਰੰਤੂ ਉਸਦਾ ਮਨ ਸ਼ਾਂਤ ਨਹੀਂ ਹੋ ਸਕਦਾ ਪਰ ਕੁਛ ਹੋਵੇ ਤੁਸੀ ਉਸਨੂੰ ਆਪਣੇ ਸਪੁਤ੍ਰ ਸਮਝੋ ਤੇ ਦੇਖੋ ਓਹ ਕੀ ਕਰਦਾ ਹੈ।

ਤੇਜ-ਬਹੁਤ ਹਛਾ ਅਜੇਹਾ ਹੀ ਹੋਵੇਗਾ।

ਦਸਵਾਂ ਕਾਂਡ

ਮਾਹਾਰਾਣੀ ਨੇ ਜਦ ਵੇਖਿਆ ਕਿ ਫੌਜੀ ਸਿਪਾਹੀ ਸਭ ਬਾਹਰ ਚਲੇ ਗਏ ਹਨ ਤੇ ਗੋਪਾਲ ਸਿੰਘ ਭੀ ਨਜ਼ਰ ਨਹੀਂ ਆਉਂਦਾ ਤਾਂ ਹਿੰਮਤ ਕਰਕੇ ਆਪਣੇ ਟਿਕਾਣਿਓਂ ਨਿਕਲੀ ਅਰ ਫੇਰ ਬਾਗ ਦੇ ਉਸ ਪਾਸੇ ਤੁਰ ਪਈ ਜਿਧਰ ਬਰਾਮਦੇ

ਵਿਚ ਖਲੋਤੇ ਹੋਏ ਗੋਪਾਲ ਸਿੰਘ ਨੂੰ ਤਲਿਸਮੀ ਤਮਾਚੇ ਦੀ ਗੋਲੀ ਨਾਲ ਬੇਹੋਸ਼ ਕਰਕੇ ਸੁਟ ਆਈ ਸੀ ਪਰ ਓਥੇ ਪਹੁੰਚਣ ਤੋਂ ਪਹਿਲਾਂ ਹੀ ਓਸਨੇ ਦੂਰੋਂ ਹੀ ਉਸ ਖੂਹ ਦੇ ਉਪਰ ਗੋਪਾਲ ਸਿੰਘ ਨੂੰ ਵੇਖਿਆ ਜਿਸਨੂੰ ਫੌਜੀ ਸਿਪਾਹੀਆਂ ਨੇ ਪੂਰ ਦਿਤਾ ਸੀ, ਮਾਯਾਰਾਣੀ ਇਕ ਬ੍ਰਿਛ ਦੇ ਓਹਲੇ ਖਲੋ ਗਈ ਤੇ ਓਸੇ ਥਾਂ ਤੋਂ ਤਲਿਸਮੀ ਗੋਲੀ ਗੋਪਾਲ ਸਿੰਘ ਤੇ ਚਲਾਈ, ਗੋਲੀ ਲੱਗਦਿਆਂ ਹੀ ਗੋਪਾਲ ਸਿੰਘ ਬੇਹੋਸ਼ ਹੋਕੇ ਧਰਤੀ ਤੇ ਆ ਪਿਆ ਅਤੇ ਮਾਯਾਰਾਣੀ ਦੌੜੀ ਹੋਈ ਉਸਦੇ ਪਾਸ ਪਹੁੰਚੀ, ਅਰ ਕੁਛ ਚਿਰ ਤਕ ਓਸਦੇ ਵਲ ਦੇਖਣ ਦੇ ਉਪ੍ਰੰਤ ਖੰਜਰ ਕੱਢਕੇ ਓਸਦੀ ਗਿਚੀ ਵਢ ਦਿਤੀ ਤੇ ਫੇਰ ਬੜੀ ਪ੍ਰਸੰਨਤਾ ਨਾਲ ਚੌਹੀਂ ਪਾਸੀਂ ਵੇਖਣ ਲਗ ਪਈ ਭਾਵੇਂ ਉਸਨੂੰ ਪੂਰਾ ਨਿਸਚਾ ਨਹੀਂ ਸੀ ਕਿ ਮੈਂ ਅਸਲੀ ਗੋਪਾਲ ਸਿੰਘ ਨੂੰ ਮਾਰ ਲਿਆ ਹੈ।

ਭਾਵੇਂ ਦਿਨ ਬਹੁਤ ਚੜ ਚੁਕਾ ਸੀ ਪ੍ਰੰਤੂ ਅਜੇ ਤਕ ਮਾਯਾਰਾਣੀ ਨੂੰ ਕੁਛ ਖਾਣ ਪੀਣ ਜਾਂ ਜਰੂਰੀ ਕੰਮਾਂ ਤੋਂ ਵੇਹਲੇ ਹੋਣ ਦੀ ਚਿੰਤਾ ਨਹੀਂ ਸੀ ਜਾਂ ਇਉਂ ਕਹੋ ਕਿ ਓਸਨੂੰ ਇਨਾਂ ਗਲਾਂ ਦਾ ਵੇਹਲ ਹੀ ਨਹੀਂ ਸੀ, ਗੋਪਾਲ ਸਿੰਘ ਦੀ ਲੋਥ ਨੂੰ ਓਸੇ ਤਰਾਂ ਛਡਕੇ ਓਹ ਬਾਗ ਦੇ ਤੀਸਰੇ ਦਰਜੇ ਵਿਚ ਜਾਣ ਵਾਸਤੇ ਆਪਣੇ ਦੀਵਾਨ ਖਾਨੇ ਵਿਚ ਆਈ ਤੇ ਓਸੇ ਸਾਧਾਰਨ ਰਸਤੇ ਬਾਗ ਦੇ ਤੀਸਰੇ ਦਰਜੇ ਵਿਚ ਜਾ ਪਹੁੰਚੀ ਜਿਸ ਰਸਤੇ ਤੇਜ ਸਿੰਘ ਪੁਚਾਇਆ ਗਿਆ ਸੀ।

ਓਥੇ ਭੀ ਓਸਨੇ ਦੂਰੋਂ ਹੀ ਦੋ ਨੰਬਰ ਦੀ ਕੋਠੜੀ ਦੇ ਅਗੇ ਇਕ ਗੋਪਾਲ ਸਿੰਘ ਨੂੰ ਬੈਠਕੇ ਕੁਛ ਕੰਮ ਕਰਦੇ ਵੇਖਿਆ,

CC-0. Kashmir Research Institute. Digitized by eGangotri

ਮਾਯਾਰਾਣੀ ਹੈਰਾਨ ਹੋਕੇ ਓਸ ਪਾਸੇ ਵੇਖਣ ਲਗ ਪਈ ਫੇਰ ਓਸਨੇ ਤਲਿਸਮੀ ਤਮਾਚੇ ਦੀ ਗੋਲੀ ਚਲਾਈ ਜਦ ਉਹ ਗੋਪਾਲ ਸਿੰਘ ਭੀ ਬੇਹੋਸ਼ ਹੋਗਿਆ ਤਾਂ ਮਾਯਾਰਾਣੀ ਨੇ ਝਟ ਸਿਰ ਵੱਢ ਸੁਟਿਆ ਅਤ ਲੰਮਾ ਹਾਉਕਾ ਭਰਕੇ ਬੋਲੀ:—ਕੀ ਹੁਣ ਭੀ ਅਸਲੀ ਗੋਪਾਲ ਸਿੰਘ ਨਾ ਮੋਇਆ ਹੋਵੇਗਾ ਪਰ ਸ਼ੋਕ! ਓਸ ਇਕ ਗੋਪਾਲ ਸਿੰਘ ਤੇ ਗੋਲੀ ਦਾ ਕੁਛ ਅਸਰ ਨਹੀਂ ਹੋਇਆ ਸ਼ਾਇਦ ਓਹੋ ਹੀ ਅਸਲੀ ਗੋਪਾਲ ਸਿੰਘ ਨਾ ਹੋਵੇ।

ਇਸਦੇ ਉੱਤਰ ਵਿਚ ਕਿਸੇ ਨੇ ਕੋਠੜੀ ਦੇ ਅੰਦਰੋਂ ਕਿਹਾ:—ਹਾਂ ਅਸਲੀ ਗੋਪਾਲ ਸਿੰਘ ਇਹ ਭੀ ਨਹੀਂ ਸੀ ਤੇ ਅਸਲੀ ਗੋਪਾਲ ਸਿੰਘ ਅਜੇ ਤਕ ਨਹੀਂ ਮੋਇਆ।

ਇਸ ਗਲ ਨੇ ਮਾਯਾਰਾਣੀ ਦਾ ਕਲੇਜਾ ਕੰਬਾ ਦਿਤਾ ਤੇ ਓਹ ਹੈਰਾਨ ਹੋਕੇ ਓਸ ਕੋਠੜੀ ਦੇ ਅੰਦਰ ਵੇਖਣ ਲਗ ਪਈ।

ਅਚਾਨਕ ਕੋਠੜੀ ਦੇ ਅੰਦਰੋਂ ਨਿਕਲ ਦੇ ਨਾਨਕ ਤੇ ਨਜ਼ਰ ਪਈ ਨਾਨਕ ਨੂੰ ਵੇਖਦਿਆਂ ਹੀ ਮਾਯਾਰਾਣੀ ਦਾ ਪੁਰਾਣਾ ਕ੍ਰੋਧ (ਜੋ ਨਾਨਕ ਵਲੋਂ ਸੀ) ਉਸਨੂੰ ਚੜ ਆਇਆ ਓਹ ਕੁਛ ਚਿਰ ਤਾਂ ਨਾਨਕ ਵਲ ਦੇਖਦੀ ਰਹੀ ਫੇਰ ਤਲਿਸਮੀ ਗੋਲੀ ਦਾ ਨਿਸ਼ਾਨਾ ਬਨਾਉਣਾ ਚਾਹਿਆ ਪ੍ਰੰਤੂ ਨਾਨਕ ਓਸਦੀ ਇਹ ਦਸ਼ਾ ਦੇਖਕੇ ਹਸ ਪਿਆ ਤੇ ਬੋਲਿਆ ਕੀ ਹੁਣ ਭੀ ਆਪ ਮੈਨੂੰ ਆਪਣਾ ਪਖਵਾਦੀ ਨਹੀਂ ਸਮਝਦੀ §

ਮਾਯਾਰਾਣੀ—ਕਿਉਂ ਤੂੰ ਕੇਹੜਾ ਅਜੇਹਾ ਕੰਮ ਕੀਤਾ ਹੈ ਜਿਸਤੋਂ ਮੈਂ ਤੇਨੂੰ ਆਪਣਾ ਹਿਤੂ ਸਮਝਾਂ ?

ਨਾਨਕ—ਕੀ ਤੁਹਾਨੂੰ ਇਸ ਗਲ ਦਾ ਪਤਾ ਨਹੀਂ ਲਗਾ

ਕਿ ਰਾਜਾ ਬੀਰੇਂਦ੍ਰ ਸਿੰਘ ਉਸਦੇ ਵੰਸ ਤੇ ਏਯਾਰਾਂ ਨਾਲ ਮੇਰੀ ਭਾਰੀ ਸ਼ਤ੍ਰੁਤਾ ਹੋਗਈ ਹੈ ? ਮੇਰਾ ਪਿਓ ਅਪ੍ਰਾਧੀ ਬਣਾਕੇ ਤੜਿਆ ਗਿਆ ਤੇ ਓਸਦੇ ਏਯਾਰਾਂ ਨੇ ਓਸਨੂੰ ਬੜਾ ਤੰਗ ਕੀਤਾ ਤੇ ਨਾਲ ਹੀ ਮੇਰੀ ਭੀ ਬੇਇਜ਼ਤੀ ਕੀਤੀ। ਮੇਰਾ ਪਿਓ ਆਪਣੇ ਬਚਾ ਦਾ ਯਤਨ ਕਰ ਰਿਹਾ ਹੈ ਤੇ ਮੈਂ ਓਨਾਂ ਸਭਨਾਂ ਤੋਂ ਬਦਲਾ ਲੈਣ ਦਾ ਪ੍ਰਬੰਧ ਕਰ ਰਿਹਾ ਹਾਂ ਇਸ ਲਈ ਮੈਂ ਇਥੇ ਆਯਾ ਹਾਂ ਕਿ ਆਪ ਮੇਰੀ ਸਹਾਇਤਾ ਕਰੋ ਤੇ ਮੈਂ ਆਪਦਾ ਸਾਥ ਦੇਵਾਂ।

ਮਾਯਾ—ਜੇ ਤੇਰੀ ਇਹ ਗਲ ਸਚ ਮੁਚ ਠੀਕ ਹੋਵੇ ਤਦ ਤਾਂ ਬੜੀ ਖੁਸ਼ੀ ਦੀ ਗਲ ਹੈ।

ਨਾਨਕ—ਜੀ ਜੋ ਕੁਛ ਮੈਂ ਕਿਹਾ ਹੈ ਉਸ ਵਿਚ ਕੁਛ ਸੰਦੇਹ ਨਾ ਕਰੋ, ਮੈਂ ਇਨਾਂ ਦੀ ਬੁਰਿਆਈ ਵਿਚ ਆਪਣੀ ਜਾਨ ਤੱਕ ਖਰਚ ਕਰ ਦੇਣ ਦਾ ਪ੍ਰਣ ਕਰ ਚੁੱਕਾ ਹਾਂ।

ਮਾਯਾ—ਜੇ ਤੂੰ ਪਹਿਲਾਂ ਮੇਰੀ ਗੱਲ ਮੰਨ ਲੈਂਦਾ ਤਾਂ ਅੱਜ ਮੈਨੂੰ ਤੇ ਤੈਨੂੰ ਦੋਹਾਂ ਨੂੰ ਇਹ ਦਿਨ ਨਾ ਦੇਖਣਾ ਪੈਂਦਾ ਹੱਛਾ ਜੇ ਤੂੰ ਹੁਣ ਭੀ ਸਿੱਧੇ ਰਾਹ ਪੈ ਜਾਵੇ ਤਾਂ ਅਸੀ ਰਲ ਮਿਲਕੇ ਬਹੁਤ ਕੁਛ ਕਰ ਸੱਕਦੇ ਹਾਂ।

ਨਾਨਕ—ਓਹਨਾਂ ਦਿਨਾਂ ਵਿਚ ਮੇਰੀ ਅਕਲ ਭੀ ਟਿਕਾਣੇ ਨਹੀਂ ਸੀ, ਮੈਨੂੰ ਮਹਾਰਾਜ ਬੀਰੇਂਦ੍ਰ ਸਿੰਘ ਦੇ ਦਰਬਾਰ ਵਿਚੋਂ ਬਹੁਤ ਕੁਛ ਮਿਲਨ ਦੀ ਆਸ਼ਾ ਸੀ ਪ੍ਰੰਤੂ ਇਸ ਗੱਲ ਦੀ ਖਬਰ ਨਹੀਂ ਸੀ ਕਿ ਓਹਨਾਂ ਦੇ ਏਯਾਰ ਆਪਣੀ ਮੰਡਲੀ ਦੇ ਬਿਨਾਂ ਕਿਸੇ ਹੋਰ ਨਵੇਂ ਏਯਾਰ ਨੂੰ ਆਪਣੇ ਦਰਬਾਰ ਵਿਚ ਦੇਖਣਾ ਨਹੀਂ ਚਾਹੁੰਦੇ, ਮੈਨੂੰ ਕਮਲਨੀ ਨੇ ਜੋ ਕੁਛ ਆਸਾਂ ਬਨਾਈਆਂ ਸਨ ਉਸਦਾ ਇਕ ਹਿੱਸਾ

CC-0. Kashmir Research Institute. Digitized by eGangotri

ਭੀ ਪੂਰਾ ਨਹੀਂ ਕੀਤਾ ਉਲਟਾ ਮੇਰੇ ਪਿਓ ਨੂੰ ਦੋਖੀ ਬਣਾਇਆ ਗਿਆ ।

ਮਾਯਾ—ਭੂਤਨਾਥ ਤੇ ਜੋ ਦੋਸ਼ ਲਾਏ ਗਏ ਹਨ ਮੈਨੂੰ ਉਹਨਾਂ ਦਾ ਪੂਰਾ ੨ ਪਤਾ ਹੈ, ਹੁਣ ਭੂਤਨਾਥ ਮੇਰੀ ਸਹਾਇਤਾ ਦੇ ਬਿਨਾਂ ਕਿਸੇਤਰਾਂ ਆਪਣੀ ਜਾਨ ਨਹੀਂ ਬਚਾ ਸੱਕਦਾ ਤੇ ਨਾ ਓਹ ਬਲਭੱਦ੍ਰ ਸਿੰਘ ਦਾ ਹੀ ਪਤਾ ਕੱਢ ਸੱਕਦਾ ਹੈ, ਸੱਚੀ ਗੱਲ ਤਾਂ ਇਹ ਹੇ ਕਿ ਭੂਤਨਾਥ ਨੇ ਮੈਨੂੰ ਬੜਾ ਹੀ ਧੋਖਾ ਦਿੱਤਾ ਹੈ ।

ਨਾਨਕ—ਉਹਨਾਂ ਦਿਨਾਂ ਵਿਚ ਜੋ ਕੁਛ ਓਹਨਾਂ ਨੇ ਕੀਤਾ ਸੋ ਕੀਤਾ ਕਿਉਂਕਿ ਕਮਲਨੀ ਦੀਆਂ ਦਿੱਤੀਆਂ ਹੋਈਆਂ ਆਸਾਂ ਨੇ ਓਨਾਂ ਨੂੰ ਭੀ ਅੰਨ੍ਹਾ ਕਰ ਦਿੱਤਾ ਹੋਇਆ ਸੀ । ਪਰ ਹੁਣ ਤਾਂ ਓਹਨਾਂ ਦੀ ਕਮਲਨੀ ਨਾਲ ਭੀ ਸ਼ੱਤ੍ਰੂਤਾ ਹੋਗਈ ਹੈ ਤੇ ਮੈਂ ਭੀ ਇਹ ਸੁਣਕੇ ਕਿ ਕਮਲਨੀ ਆਦਿਕਾਂ ਨੂੰ ਰਾਜਾ ਗੋਪਾਲ ਸਿੰਘ ਇਸ ਤਲਿਸਮ ਦੇ ਅੰਦਰ ਲੈ ਆਯਾ ਹੈ ਉਸਤੋਂ ਬਦਲਾ ਲੈਣ ਲਈ ਆਇਆ ਹਾਂ ।

ਮਾਯਾ—ਏਥੋਂ ਦਾ ਰਸਤਾ ਤੈਨੂੰ ਕਿਸਨੇ ਦੱਸਿਆ ਸੀ ?

ਨਾਨਕ—ਬਹੁਤ ਸਾਰੇ ਰਸਤਿਆਂ ਦਾ ਹਾਲ ਕਮਲਨੀ ਨੇ ਦਸਿਆ ਸੀ, ਮੈਂ ਇਕ ਵਾਰੀ ਅੱਗੇ ਭੀ ਏਥੇ ਆ ਚੁੱਕਾ ਹਾਂ ।

ਮਾਯਾ—ਕਦੋਂ ?

ਨਾਨਕ—ਜਦ ਤੁਸਾਂ ਤੇਜ ਸਿੰਘ ਨੂੰ ਕੈਦ ਕੀਤਾ ਸੀ ਤੇ ਜਦੋਂ ਚੰਡੂਲ ਨੇ ਆਕੇ ਤੁਹਾਨੂੰ ਤੰਗ ਕੀਤਾ ਸੀ ।

ਮਾਯਾ—(ਪੁਰਾਣੀਆਂ ਗੱਲਾਂ ਯਾਦ ਕਰਕੇ) ਤਦ ਤਾਂ ਤੈਨੂੰ ਪਤਾ ਹੋਵੇਗਾ ਕਿ ਚੰਡੂਲ ਕੌਣ ਸੀ ?

ਨਾਨਕ—ਓਹ ਕਮਲਨੀ ਸੀ ਤੇ ਮੈਂ ਓਸਦੇ ਨਾਲ ਸੀ ।

ਮਾਯਾ—(ਕੁਛ ਸੋਚਕੇ) ਹਾਂ.....ਠੀਕ ਹੈ.....ਤਦ ਤਾਂ ਤੈਨੂੰ.....ਹੱਛਾ.....ਹੱਛਾ ਤੂੰ ਮੇਰੇ ਨਾਲ ਆ ਪਹਿਲਾਂ ਮੈਂ ਪ੍ਰੀਖਯਾ ਕਰ ਲਵਾਂ ਕਿ ਤੂੰ ਸੱਚੇ ਮਨ ਨਾਲ ਮੇਰੇ ਨਾਲ ਰਹੇਂਗਾ ਕਿ ਧੋਖਾ ਦੇਣ ਲਈ ਕਹਿ ਰਿਹਾ ਹੈਂ ਜੇ ਤੂੰ ਸੱਚਾ ਨਿਕਲਿਆ ਤਾਂ ਅਸੀ ਦੋਵੇਂ ਰਲਕੇ ਬਹੁਤ ਕੁਛ ਕੰਮ ਕਰਾਂਗੇ ਤੈਨੂੰ ਬਹੁਤ ਸਾਰਾ.....ਹੱਛਾ ਤੂੰ ਇਧਰ ਆ ਇਕਾਂਤ ਵਿਚ ਮੇਰੇ ਨਾਲ ਚੱਲ।

ਨਾਨਕ—(ਮਾਯਾ ਰਾਣੀ ਦੇ ਨਾਲ ਜਾਕੇ) ਏਥੇ ਹੋਰ ਤੀਸਰਾ ਕੌਣ ਹੈ ਜੋ ਸਾਡੀਆਂ ਗੱਲਾਂ ਸੁਣੇਂਗਾ ?

ਮਾਯਾ—ਭਾਵੇਂ ਕੋਈ ਨਾ ਹੋਵੇ ਪਰ ਸੰਦੇਹ ਹੈ, ਮਾਯਾਰਾਣੀ ਨਾਨਕ ਨੂੰ ਲੈਕੇ ਦੂਸਰੇ ਪਾਸੇ ਚਲੀ ਗਈ।

———0———

ਸਾਰ੍ਹਵਾਂ ਕਾਂਡ

ਸੰਧਯਾਂ ਹੋਣ ਵਿਚ ਅਜੇ ਇਕ ਘੰਟੇ ਦੀ ਢਿੱਲ ਹੈ ਜਦ ਕੌਰ ਇੰਦ੍ਰਜੀਤ ਸਿੰਘ, ਆਨੰਦ ਸਿੰਘ ਅਰ ਭੈਰੋਂ ਸਿੰਘ ਕਮਰੇ ਦੇ ਬਾਹਰ ਨਿਕਲਕੇ ਬਾਗ ਦੇ ਉਸ ਹਿੱਸੇ ਵਿਚ ਫਿਰਨ ਲੱਗੇ ਜਿਸ ਵਿਚ ਕਈ ਤਰਾਂ ਦੇ ਸੁੰਦਰ ਫੁੱਲ ਬੂਟੇ ਗਮਲਿਆਂ ਵਿਚ ਲੱਗੇ ਹੋਏ ਸਨ ਤੇ ਹੋਰ ਬਹੁਤ ਵੇਲਾਂ ਚੜ੍ਹੀਆਂ ਹੋਈਆਂ ਸਨ ਇਨਾਂ ਤਿੰਨਾਂ ਨੂੰ ਇੰਦ੍ਰਾਣੀ ਦੀ ਗੱਲ ਚੰਗੀਤਰਾਂ ਯਾਦ ਸੀ ਕਿ ਆਪ ਲੋਕਾਂ ਨੇ ਕਿਸੇ ਮਕਾਨ ਦੇ ਅੰਦਰ ਜਾਣ ਦਾ ਹੌਸਲਾ ਨਾ ਕਰਨਾ।

CC-0. Kashmir Research Institute. Digitized by eGangotri

ਭੈਰੋਂ–(ਫਿਰਦਿਆਂ ੨ ਇਕ ਫੁੱਲ ਤੋੜਕੇ) ਏਥੇ ਇਕ ਤਾਂ ਬਗੀਚੇ ਵਾਸਤੇ ਥਾਂ ਬਹੁਤ ਥੋੜੀ ਛੱਡੀ ਗਈ ਹੈ, ਦੂਸਰੇ ਜੋ ਛੱਡੀ ਗਈ ਹੈ ਉਸਤੋਂ ਭੀ ਚੰਗੀਤਰਾਂ ਕੰਮ ਨਹੀਂ ਲਿਆ ਗਿਆ। ਜਿਥੇ ਜਿਥੇ ਤੇ ਜਿਸ ਢੰਗ ਨਾਲ ਬੂਟੇ ਹਣੇ ਚਾਹੀਦੇ ਹਨ ਸੋ ਨਹੀਂ ਹਨ।

ਆਨੰਦ–ਬਾਗਾਂ ਦੇ ਸ਼ੌਕੀਨ ਲੋਕ ਬਹੁਤ ਬੇਲਾਂ, ਚੰਬੇਲੀ, ਜੂਹੀ, ਤੇ ਗੁਲਾਬ ਆਦਿਕ ਸੁਗੰਧੀ ਵਾਰ ਫੁਲਾਂਦੇ ਬੂਟੇ ਕਿਆਰੀਆਂ ਦੇ ਵਿਚ ਲਾਉਂਦੇ ਹਨ।

ਇੰਦ੍ਰਜੀਤ–ਅਜੇਹਾ ਨਹੀਂ ਕਰਨਾ ਚਾਹੀਦਾ, ਕਿਆਰੀਆਂ ਦੇ ਅੰਦਰ ਕੇਵਲ ਪਹਾੜੀ ਗੁਲਾਬ ਲਾਉਣਾ ਚਾਹੀਦਾ ਹੈ ਜੂਹੀ, ਬੇਲਾ, ਮੋਤੀਆ ਆਦਿਕ ਦੇਸੀ ਸੁਗੰਧੀ ਵਾਲੇ ਫੁਲਾਂ ਨੂੰ ਸੜਕਾਂ ਦੇ ਦੋਹੀਂ ਪਾਸੀਂ ਲਾਉਣਾ ਚਾਹੀਦਾ ਹੈ ਤਾਕਿ ਸੈਰ ਕਰਨ ਵਾਲਾ ਜਦ ਚਾਹੇ ਇਕ ਦੋ ਫੁਲ ਤੋੜ ਕੇ ਸੁੰਘ ਲਵੇ।

ਆਨੰਦ–ਹਾਂ ਠੀਕ ਹੈ ਕਿਉਂਕਿ ਅਜੇਹਾ ਨਹੀਂ ਹੋਣ ਚਾਹੀਦਾ ਕਿ ਲੋਕ ਫੁਲ ਤੋੜਨ ਲਈ ਪੈਰ ਅਗੇ ਕਰਨ ਤੇ ਓਹ ਚਿਕੜ ਵਿਚ ਹੀ ਫਸ ਜਾਵੇ।

ਇੰਦ੍ਰਜੀਤ–ਠੀਕ ਹੈ ਏਸੇ ਤਰਾਂ ਚੰਬੇਲੀ ਭੀ ਓਥੇ ਲਾਉਣੀ ਚਾਹੀਦੀ ਹੈ ਜਿਥੇ ਟਟੀ ਬਨਾਉਣੀ ਚਾਹੀਦੀ ਹੋਵੇ ਜਾਂ ਓਹਲਾ ਕਰਨਾ ਹੋਵੇ।

ਭੈਰੋਂ–ਆੜ ਦਾ ਕੰਮ ਤਾਂ ਮੈਂਹਦੀ ਤੋਂ ਭੀ ਲਿਆ ਜਾ ਸਕਦਾ ਹੈ।

ਇੰਦ੍ਰਜੀਤ–ਹਾਂ ਪਰ ਜਲਸੇ ਵਾਲੀ ਥਾਂ ਮਹਲ ਤੋਂ ਦੂਰ, ਕਿਉਂਕਿ ਜਦ ਫੁਲਦੀ ਹੈ ਤਾਂ ਆਪਣੇ ਫੁਲਾਂ ਦੀ ਸੁਗੰਧੀ ਦੇ

CC-0. Kashmir Research Institute. Digitized by eGangotri

ਬਿਨਾਂ ਹੋਰ ਕਿਸੇ ਫੁਲ ਦੀ ਸੁਗੰਧੀ ਆਉਣ ਦੀ ਆਗਯਾ ਨਹੀਂ ਦੇਂਦੀ।

ਆਨੰਦ–ਜਿਸ ਤਰਾਂ ਹੁਣ ਅਸੀਂ ਭੈਰੋਂ ਸਿੰਘ ਨੂੰ ਆਪਣੇ ਨਾਲ ਆਉਣ ਦੀ ਆਗਯਾ ਨਹੀਂ ਦੇਵਾਂਗੇ।

ਭੈਰੋਂ–ਓਹ ਕਿਉਂ ? ਇਸਦਾ ਭਾਵ ?

ਅਨੰਦ–ਇਸਦਾ ਭਾਵ ਇਹ ਹੈ ਕਿ ਆਪ ਥੋੜੇ ਚਿਰ ਲਈ ਸਾਥੋਂ ਪਰੇ ਹੋ ਜਾਓ ਤੇ ਪਰੇ ਜਾਕੇ ਬਾਗ ਵਿਚ ਆਪਣੀਆਂ ਲਤਾਂ ਸੁਕਾਓ।

ਭੈਰੋਂ–(ਚਿੜਕੇ) ਕੀ ਹੁਣ ਮੇਰੇ ਜੇਹੇ ਸਾਥੀ ਤੇ ਏਯਾਰ ਤੋਂ ਗਲਾਂ ਲੁਕਾਉਣ ਲਗ ਪਏ ਹੋ ?

ਆਨੰਦ–(ਇੰਦ੍ਰਜੀਤ ਵਲ ਸੈਨਤ ਕਰਕੇ) ਇਸ ਲਈ ਕਿ ਗਲਾਂ ਲੁਕਾਉਣ ਦਾ ਢੰਗ ਪਹਿਲੇ ਤੇਰੇ ਵਲੋਂ ਜਾਰੀ ਹੋਇਆ ਹੈ।

ਭੈਰੋਂ–ਓਹ ਕਿਸਤਰਾਂ ?

ਆਨੰਦ–ਆਪਣੇ ਮਨ ਨੂੰ ਪੁਛੋ।

ਭੈਰੋਂ–ਕੀ ਮੈਂ ਵਾਸਤਵ ਵਿਚ ਭੈਰੋਂ ਸਿੰਘ ਨਹੀਂ ਹਾਂ ?

ਆਨੰਦ–ਤੇਰੇ ਭੈਰੋਂ ਸਿੰਘ ਹੋਣ ਵਿਚ ਤਾਂ ਕੋਈ ਸੰਦੇਹ ਨਹੀਂ ਸਗੋਂ ਤੇਰੀਆਂ ਗਲਾਂ ਦੀ ਸਚਿਆਈ ਵਿਚ ਸੰਦੇਹ ਹੈ।

ਭੈਰੋਂ–ਇਹ ਸੰਦੇਹ ਕਿਸਤਰਾਂ ਹੋਇਆ? ਤੇ ਕਦ ਤੋਂ ਹੋਯਾ?

ਆਨੰਦ–ਜਦ ਤੋਂ ਤੂੰ ਆਪ ਇਹ ਕਿਹਾ ਸੀ ਕਿ ਰਾਜਾ ਗੋਪਾਲ ਸਿੰਘ ਨੇ ਤੈਨੂੰ ਇਸ ਤਲਿਸਮ ਵਿਚ ਪੁਚਾਉਣ ਵੇਲੇ ਤਕੀਦ ਕਰ ਦਿਤੀ ਸੀ ਕਿ ਸਭ ਕੰਮ ਕਮਲਨੀ ਦੀ ਆਗਯਾ ਅਨੁਸਾਰ ਕਰਨਾ ਏਥੋਂ ਤਕ ਕਿ ਜੇ ਕਮਲਨੀ ਤੁਹਾਨੂੰ ਸਾਹਮਣਾ

CC-0. Kashmir Research Institute. Digitized by eGangotri

ਹੋਣ ਤੇ ਭੀ ਕੁਮਾਰਾਂ ਨੂੰ ਮਿਲਨ ਤੋਂ ਬੰਦ ਕਰੇ ਤਾਂ ਕਦੀ ਨ ਮਿਲਨਾ।*

ਭੈਰੋਂ-(ਕੁਛ ਸੋਚਕੇ) ਠੀਕ ਹੈ ਪਰ ਤੁਹਾਨੂੰ ਇਹ ਕਿਸ ਤਰਾਂ ਨਿਸਚਾ ਹੋਇਆ ਕਿ ਮੈਂ ਰਾਜਾ ਗੋਪਾਲ ਸਿੰਘ ਦੀ ਗਲ ਮੰਨ ਲਈ ਸੀ?

ਇੰਦ੍ਰਜੀਤ-ਇਹ ਏਸੇ ਤਰਾਂ ਮਲੂਮ ਹੋਗਿਆ ਕਿ ਜਦ ਤੂੰ ਆਪਣੇ ਬਟੂਏ ਦੀ ਗਲ ਕਰਦੇ ੨ ਤਲਿਸਮੀ ਖੰਜਰ ਦੀ ਗਲ ਛਡ ਦਿਤੀ।

ਭੈਰੋਂ-(ਕੁਛ ਸੋਚਕੇ ਤੇ ਸ਼ਰਮਾ ਕੇ) ਏਸ਼ਕ, ਇਹ ਮੈਥੋਂ ਭੁਲ ਹੋਗਈ।

ਆਨੰਦ-ਹਾਂ ਭੁਲ ਹੋਗਈ ਕਿ ਉਸ ਖੰਜਰ ਵਲੋਂ ਭੀ ਕੋਈ ਕਹਾਣੀ ਘੜਕੇ ਸਾਨੂੰ ਨਾ ਸੁਣਾ ਦਿਤੀ।

ਭੈਰੋਂ-(ਹੋਰ ਭੀ ਸ਼ਰਮਿੰਦੇ ਹੋਕੇ) ਨਹੀਂ ਇਹ ਗਲ ਨਹੀਂ ਹੈ ਉਸ ਵੇਲੇ ਮੈਂ ਇਹ ਕਹਿਣਾ ਭਲ ਹੀ ਗਿਆ ਕਿ ਏਯਾਰੀ ਦੇ ਬਟੂਏ ਦੇ ਨਾਲ ਹੀ ਤਲਿਸਮੀ ਖੰਜਰ ਮੈਨੂੰ ਉਸ ਨਕਾਬ ਪੋਸ਼ ਤੋਂ ਨਹੀਂ ਮਿਲਿਆ, ਓਨਾਂ ਨੇ ਸੌਂਹ ਖਾਕੇ ਆਖ ਦਿਤਾ ਸੀ ਕਿ ਖੰਜਰ ਸਾਡੇ ਪਾਸ ਨਹੀਂ ਹੈ।

ਆਨੰਦ-ਹਛਾ ਤੇ ਤੂੰ ਮੰਨ ਲਿਆ?

ਭੈਰੋਂ-(ਝਿਜਕਦਾ ਹੋਇਆ) ਇਸਤਰਾਂ ਅਜੇਹੀ ਭੁਲ ਹੋ ਜਾਣ ਤੇ ਇਹ ਨਹੀਂ ਹੋਣਾ ਚਾਹੀਦਾ ਕਿ ਆਪ ਲੋਕ ਹੁਣ ਮੇਰੇ ਤੇ

---

*ਦੇਖੋ ਚੰਦ੍ਰ ਕਾਂਤਾ ਭਾਗ ੧੭ ਬਾਂਡ ੧੪

CC-0. Kashmir Research Institute. Digitized by eGangotri

ਵਿਸ਼ਵਾਸ ਹੀ ਨਾ ਕਰੋ।

ਇੰਦ੍ਰਜੀਤ—ਨਹੀਂ ਨਹੀਂ, ਸਾਡਾ ਅਜੇਹਾ ਵਿਚਾਰ ਨਹੀਂ ਹੋ ਸਕਦਾ ਕਿ ਤੂੰ ਭੈਰੋਂ ਸਿੰਘ ਨਹੀਂ ਹੈ ਜਾਂ ਜੇ ਹੈਂ ਭੀ ਤਾਂ ਸਾਡੇ ਵੈਰੀ ਨਾਲ ਮਿਲਕੇ ਸਾਨੂੰ ਹਰਜ ਪੁਚਾ ਸਕਦਾ ਹੈਂ, ਕਦੀ ਨਹੀਂ, ਅਸੀ ਹੁਣ ਭੀ ਉਤਨਾ ਹੀ ਭਰੋਸਾ ਰਖਦੇ ਹਾਂ ਜਿਤਨਾ ਅਗੇ ਰਖਦੇ ਸਾਂ ਪਰ ਕੁਛ ਚਿਰ ਵਾਸਤੇ ਅਸੀ ਭੀ ਉਸੇ ਤਰਾਂ ਆਪਣੀਆਂ ਗਲਾਂ ਲੁਕਾਵਾਂਗੇ ਜਿਸਤਰਾਂ ਤੂੰ ਲੁਕਾਉਂਦਾ ਸੀ।

ਭੈਰੋਂ ਸਿੰਘ ਇਸ ਗਲ ਦਾ ਕੁਛ ਉੱਤਰ ਦੇਣ ਹੀ ਲਗਾ ਸੀ ਕਿ ਸਾਹਮਣੇ ਪਾਸਿਓਂ ਇਕ ਇਸਤ੍ਰੀ ਆਉਂਦੀ ਦਿਸੀ, ਤਿੰਨਾਂ ਦਾ ਧਿਆਨ ਉਸ ਪਾਸੇ ਚਲਾ ਗਿਆ, ਜਦ ਓਹ ਨੇੜੇ ਆਈ ਤਾਂ ਦੋਹਾਂ ਕੁਮਾਰਾਂ ਨੇ ਪਛਾਣ ਲਿਆ ਕਿ ਇਹ ਓਹੋ ਇਸਤ੍ਰੀ ਹੈ ਜਿਸਨੂੰ ਆਨੰਦੀ ਤੇ ਇੰਦ੍ਰਾਣੀ ਦੇ ਨਾਲ ਨਹਿਰ ਦੇ ਕੰਢੇ ਵੇਖ ਚੁਕੇ ਹਾਂ।

ਆਨੰਦ—ਇਹ ਭੀ ਉਨਾਂ ਇਸਤ੍ਰੀਆਂ ਵਿਚੋਂ ਹੈ ਜੋ ਆਨੰਦੀ ਤੇ ਇੰਦ੍ਰਾਣੀ ਦੇ ਨਾਲ ਨਹਿਰ ਦੇ ਕੰਢੇ ਦੇਖੀਆਂ ਸਨ।

ਇੰਦ੍ਰਜੀਤ—ਹਾਂ। ਪਰ ਸਾਰੀਆਂ ਹੀ ਇਕੋ ਟੱਬਰ ਦੀਆਂ ਮਲੂਮ ਹੁੰਦੀਆਂ ਹਨ ਤੇ ਉਮਰ ਵਿਚ ਕੋਈ ਬਹੁਤਾ ਫਰਕ ਨਹੀਂ।

ਆਨੰਦ—ਵੇਖੀਏ ਕੀ ਸੁਨੇਹਾ ਲਿਆਉਂਦੀ ਹੈ।

ਏਤਨੇ ਨੂੰ ਓਹ ਇਸਤ੍ਰੀ ਕੁਮਾਰਾਂ ਦੇ ਪਾਸ ਆ ਪਹੁੰਚੀ ਤੇ ਹਥ ਜੋੜਕੇ ਬੋਲੀ ਕਿ—ਇੰਦ੍ਰਾਣੀ ਤ ਆਨੰਦੀ ਨੇ ਹਥ ਜੋੜਕੇ ਆਪ ਦੋਹਾਂ ਤੋਂ ਇਸ ਗਲ ਦੀ ਖਿਮਾ ਮੰਗੀ ਹੈ ਕਿ ਹੁਣ ਓਹ ਦੋਵੇਂ ਆਪਦੇ ਸਾਹਮਣੇ ਨਹੀਂ ਹੋ ਸਕਦੀਆਂ।

CC-0. Kashmir Research Institute. Digitized by eGangotri

ਇੰਦ੍ਰਜੀਤ–(ਹੈਰਾਨੀ ਨਾਲ)ਓਹ ਕਿਉਂ ?

ਇਸਤ੍ਰੀ–ਉਨਾਂ ਨੂੰ ਇਸ ਗਲ ਦੀ ਬੜੀ ਸ਼ਰਮਿੰਦਗੀ ਹੈ ਕਿ ਓਹ ਆਪਦੀ ਖਾਤਰ ਚੰਗੀਤਰਾਂ ਨ ਕਰ ਸਕੀਆਂ ਤੇ ਓਨਾਂ ਦੇ ਗੁਰੂ ਨੇ ਓਨਾਂ ਨੂੰ ਆਪਦੇ ਸਾਹਮਣੇ ਆਉਣ ਤੋਂ ਬੰਦ ਕਰ ਦਿਤਾ ਹੈ।

ਇੰਦ੍ਰਜੀਤ–ਇਸਦਾ ਕੁਛ ਕਾਰਨ ਭੀ ਹੈ ?

ਇਸਤ੍ਰੀ–ਇਸਦੇ ਬਿਨਾਂ ਹੋਰ ਕੋਈ ਕਾਰਨ ਨਹੀਂ ਕਿ ਉਨਾਂ ਦੋਹਾਂ ਦਾ ਵਿਆਹ ਆਪ ਦੋਹਾਂ ਭਰਾਵਾਂ ਨਾਲ ਹੋਣ ਵਾਲਾ ਹੈ।

ਇੰਦਰਜੀਤ–(ਅਚੰਭਿਤ ਹੋਕੇ) ਮੇਰੇ ਨਾਲ ਤੇ ਆਨੰਦ ਨਾਲ ?

ਇਸਤ੍ਰੀ–ਜੀ ਹਾਂ।

ਇੰਦ੍ਰਜੀਤ–ਸਾਡੀ ਜਾਂ ਸਾਡੇ ਵਡਿਆਂ ਦੀ ਇੱਛਾ ਦੇ ਬਿਨਾਂ ਹੀ ?

ਇਸਤ੍ਰੀ–ਜੀ ਹਾਂ।

ਇੰਦ੍ਰਜੀਤ–ਭਾਵੇਂ ਅਸੀ ਇਸਤੇ ਰਾਜੀ ਹੋਈਏ ਭਾਵੇਂ ਨ ਹੋਈਏ ?

ਇਸਤ੍ਰੀ–ਜੀ ਹਾਂ।

ਇੰਦ੍ਰਜੀਤ–ਤਦ ਤਾਂ ਇਹ ਵਧੀਕੀ ਹੋਈ।

ਇਸਤ੍ਰੀ–ਜੀ ਹਾਂ।

ਇੰਦ੍ਰਜੀਤ–ਕੀ ਓਨਾਂ ਦੇ ਗੁਰੂ ਵਿਚ ਏਤਨੀ ਸਾਮ੍ਰਥ ਹੈ ਕਿ ਸਾਡੀ ਇੱਛਾ ਦੇ ਵਿਰੁਧ ਅਜੇਹਾ ਕਰਨ ?

ਇਸਤ੍ਰੀ–ਜੀ ਹਾਂ।

CC-0. Kashmir Research Institute. Digitized by eGangotri

ਆਨੰਦ—ਅਜੇਹਾ ਹੋ ਹੀ ਨਹੀਂ ਸਕਦਾ—(ਇਸਤ੍ਰੀ ਨੂੰ ਜੋ ਜਾਣ ਲਈ ਤਿਆਰ ਸੀ) ਕੀ ਤੂੰ ਜਾਂਦੀ ਹੈ ?

ਇਸਤ੍ਰੀ—ਜੀ ਹਾਂ।

ਇੰਦ੍ਰਜੀਤ—ਕੀ ਤੂੰ ਨਿਰੀ ਏਹੋ ਗੱਲ ਦਸਣ ਲਈ ਆਈ ਸੀ ?

ਇਸਤ੍ਰੀ—ਜੀ ਹਾਂ।

ਆਨੰਦ—ਕੀ ਭੇਜਣ ਵਾਲੇ ਨੇ ਤੈਨੂੰ ਕਹਿ ਦਿਤਾ ਸੀ ਕਿ 'ਜੀ ਹਾਂ' ਦੇ ਬਿਨਾਂ ਹੋਰ ਕੁਛ ਨ ਕਹੀਂ ?

ਇਸਤ੍ਰੀ—ਜੀ ਹਾਂ।

ਇੰਦਰਜੀਤ ਸਿੰਘ ਦੇ ਕ੍ਰੋਧ ਕਰਨ ਤੇ ਉਸ ਇਸਤ੍ਰੀ ਨੂੰ ਭੀ ਹਾਸਾ ਆਗਿਆ ਤੇ ਓਹ ਮੁਸਕਰਾਉਂਦੀ ਹੋਈ ਜਿਧਰੋਂ ਆਈ ਸੀ ਓਧਰ ਚਲੀ ਗਈ ਤੇ ਕੁਛ ਦੂਰ ਜਾਕੇ ਅਖਾਂ ਤੋਂ ਓਹਲੇ ਹੋਗਈ। ਤਦ ਭੈਰੋਂ ਸਿੰਘ ਨੇ ਹਾਸੇ ਨਾਲ ਕੁਮਾਰ ਨੂੰ ਕਿਹਾ: ਤੁਹਾਡੇ ਜੇਹਾ ਭੀ ਕੋਈ ਭਾਗਾਂ ਵਾਲਾ ਹੋ ਸਕਦਾ ਹੈ ? ਰੰਭਾ ਤੇ ਉਰਵਸੀ ਵਰਗੀਆਂ ਸੁੰਦਰ ਇਸਤ੍ਰੀਆਂ ਬਦੋ ਬਦੀ ਤੁਹਾਡੇ ਗਲ ਮੜੀਆਂ ਜਾਂਦੀਆਂ ਹਨ ਉਪਰੋਂ ਤੁਸੀ ਲੋਕ ਨਖਰੇ ਕਰਦੇ ਹੋ, ਜੇ ਏਹੋ ਹੀ ਗਲ ਹੈ ਤਾਂ ਮੈਨੂੰ ਹੀ ਆਖੋ ਮੈਂ ਤੁਹਾਡੀ ਸੂਰਤ ਬਣਕੇ ਵਿਆਹ ਲਿਆਉਂਦਾ ਹਾਂ।

ਇੰਦ੍ਰਜੀਤ—ਤਦ ਕਮਲਾ ਕਿਸਦੇ ਨਾਉਂ ਦੀ ਹਾਂਡੀ ਚੜ੍ਹਾਵੇਗੀ ?

ਭੈਰੋਂ—ਜੀ ਕਮਲਾ ਦੀ ਤਾਂ ਕਹੀ ਨਹੀਂ ਜਾਂਦੀ ਜੋ ਕਦ ਮਿਲੇ ਤੇ ਕੀ ਹੋਵੇ ? ਇਹ ਤਾਂ ਪਰੋਸੀ ਹੋਈ ਥਾਲੀ ਹੈ।

CC-0. Kashmir Research Institute. Digitized by eGangotri

ਇੰਦ੍ਰਜੀਤ–ਠੀਕ ਹੈ ਪਰ ਭੈਰੋਂ ਸਿੰਘ ਜਿਥੋਂ ਤਕ ਮੈਂ ਸੋਚਦਾ ਹਾਂ ਤੈਨੂੰ ਇਸ ਵਿਵਾਹ ਵਾਲੀ ਸਾਰੀ ਗੱਲ ਦੀ ਖਬਰ ਹੈ।

ਭੈਰੋਂ–ਜੇ ਖਬਰ ਹੋਵੇ ਭੀ ਤਾਂ ਮੈਂ ਕਿਸਤਰਾਂ ਦਸਣ ਦਾ ਹੀਆ ਕਰ ਸਕਦਾ ਹਾਂ।

ਅਨੰਦ–ਓਹ ਕਿਉਂ ?

ਭੈਰੋਂ–ਏਸੇ ਲਈ ਕਿ ਆਪ ਲੋਕ ਮੈਨੂੰ ਝੂਠਾ ਸਮਝ ਚੁਕੇ ਹੋ।

ਇੰਦ੍ਰਜੀਤ–ਇਹ ਤਾਂ ਠੀਕ ਹੈ।

ਭੈਰੋਂ–(ਚਿੜਕੇ) ਜੇ ਏਹ ਗਲ ਹੇ ਤਾਂ ਹੁਣ ਮੈਂ ਭੀ ਆਪਦੇ ਨਾਲ ਰੈਹਣਾ ਉਚਤ ਨਹੀਂ ਸਮਝਦਾ।

ਇੰਦ੍ਰਜੀਤ–ਮੇਰੀ ਭੀ ਏਹੋ ਮਰਜੀ ਹੈ।

ਭੈਰੋਂ–ਚੰਗਾ ਫੇਰ (ਪ੍ਰਨਾਮ ਕਰਕੇ) ਜੈ ਮਾਯਾ ਦੀ।

ਇੰਦ੍ਰਜੀਤ–ਜੈ ਮਾਯਾ ਦੀ।

ਅਨੰਦ–ਜੈ ਮਾਯਾ ਦੀ, ਪਰ ਇਹ ਤਾਂ ਦਸੋ ਹੁਣ ਜਾਓਗੇ ਕਿਥੇ ?

ਭੈਰੋਂ–ਇਸ ਨਾਲ ਆਪਦਾ ਕੀ ਪ੍ਰਯੋਜਨ ?

ਇੰਦ੍ਰਜੀਤ–ਜੀ ਹਾਂ ਸਾਨੂੰ ਕੋਈ ਪ੍ਰਯੋਜਨ ਨਹੀਂ ਹਛਾ ਜਾਓ

ਭੈਰੋਂ ਸਿੰਘ ਚੁਪ ਚੋਕੇ ਪੂਰਬ ਵਾਲੀ ਇਮਾਰਤ ਨੂੰ ਤੁਰ ਪਿਆ ਤੇ ਇਕ ਕੋਠੜੀ ਵਿਚ ਵੜ ਗਿਆ ਫੇਰ ਕੁਛ ਪਤਾ ਨਾ ਲਗਾ ਕਿ ਭੈਰੋਂ ਸਿੰਘ ਦਾ ਕੀ ਹੋਇਆ ਤੇ ਕਿਥੇ ਗਿਆ, ਹੌਲੀ ੨ ਦੋਵੇਂ ਕੁਮਾਰ ਭੀ ਉਸੇ ਕੋਠੜੀ ਪਾਸ ਗਏ ਤੇ ਝਾਤੀ ਮਾਰਕੇ

CC-0. Kashmir Research Institute. Digitized by eGangotri

ਵੇਖਿਆ ਨਾ ਤਾਂ ਕੈਰੋਂ ਸਿੰਘ ਨਜ਼ਰ ਆਇਆ ਤੇ ਨਾ ਕੋਈ ਬੂਹਾ ਉਸ ਕੋਠੜੀ ਵਿਚੋਂ ਦੂਸਰੇ ਪਾਸੇ ਜਾਣ ਦਾ ਦਿਸਿਆ ।

ਇੰਦ੍ਰਜੀਤ—(ਅਨੰਦ) ਕਿਉਂ ਸਾਡੀ ਗਲ ਠੀਕ ਹੋਈ ?

ਅਨੰਦ—ਜੀ ਹਾਂ ਓਹ ਝੂਠਾ ਸੀ। ਜੇ ਉਹ ਝੂ ਾ ਨਾ ਹੁੰਦਾ ਤਾਂ ਜਾਨੂਆਂ ਵਾਂਗ ਉਸ ਕੋਠੜੀ ਵਿਚ ਵੜਕੇ ਗੁੰਮ ਨਾ ਹੋ ਜਾਂਦਾ ।

ਇੰਦ੍ਰਜੀਤ—ਗਲ ਤਾਂ ਇਹ ਹੈ ਕਿ ਇਸ ਤਲਿਸਮ ਵਿਚ ਬਹੁਤ ਸੋਚ ਸਮਝਕੇ ਕੰਮ ਕਰਨਾ ਚਾਹੀਦਾ ਹੈ ਏਥੋਂ ਦੇ ਹਵਾ ਪਾਣੀ ਆਪਣੇ ਨੂੰ ਭੀ ਪਰਾਇਆ ਕਰ ਦੇਂਦੇ ਹਨ।

ਅਨੰਦ—ਜੀ ਹਾਂ ਗਲ ਤਾਂ ਏਹੋ ਨਜ਼ਰ ਆਉਂਦੀ ਹੈ, ਮੇਰੀ ਸਮਝ ਵਿਚ ਤਾਂ ਚੁਪ ਕਰਕੇ ਬੈਠ ਰਹਿਣਾ ਭੀ ਠੀਕ ਨਹੀਂ ਏਥੋਂ ਕਿਸੇ ਪਾਸੇ ਜਾਣ ਦਾ ਯਤਨ ਕਰਨਾ ਚਾਹੀਦਾ ਹੈ।

ਇੰਦ੍ਰਜੀਤ—ਅਜ ਦੀ ਰਾਤ ਠਹਿਰੋ ਕਲ ਜਰੂਰ ਕਿਸੇ ਗੱਲ ਦਾ ਪ੍ਰਬੰਧ ਕਰਾਂਗੇ।

ਉਪ੍ਰੰਤ ਦੋਵੇਂ ਭਰਾ ਟਹਲਦੇ ਟਹਲਦੇ ਉਸ ਬਾਵਲੀ ਦੇ ਪਾਸ ਆਕੇ ਸੰਗਮਰਮਰ ਦੇ ਥੜੇ ਤੇ ਬੈਠ ਗਏ ਅਤੇ ਓਸ ਵੇਲੇ ਇਕ ਆਦਮੀ ਨੂੰ ਆਪਣੇ ਸਾਹਮਣੇ ਵਾਲੇ ਮਕਾਨ ਵਿਚੋਂ ਨਿਕਲਕੇ ਏਸ ਪਾਸੇ ਆਉਂਦੇ ਵੇਖਿਆ।

ਇਹ ਆਦਮੀ ਓਹੋ ਬੁਢਾ ਦਰੋਗਾ ਸੀ ਜੋ ਪਹਿਲੇ ਬਾਗ ਵਿਚ ਮਿਲਿਆ ਸੀ ਤੇ ਜਿਸਦੀ ਦਿਤੀ ਹੋਈ ਕਮੰਦ ਨਾਲ ਇਹ ਦੋਵੇਂ ਇਸ ਬਾਗ ਵਿਚ ਉਤਰਕੇ ਇੰਦ੍ਰਾਣੀ ਤੇ ਅਨੰਦੀ ਨੂੰ ਮਿਲੇ ਸਨ।

CC-0. Kashmir Research Institute. Digitized by eGangotri

ਰਾਮ ਰਮਯਾ ਕਰਨ ਦੇ ਪਿਛੋਂ ਦੋਹਾਂ ਕੁਮਾਰਾਂ ਨੇ ਬੜੇ ਮਾਨ ਸਤਿਕਾਰ ਨਾਲ ਓਸਨੂੰ ਪਾਸ ਬੈਠਾਇਆ ਤੇ ਫੇਰ ਗਲ ਬਾਤ ਹੋਣ ਲਗ ਪਈ।

ਇੰਦ੍ਰਜੀਤ—ਅਜ ਅਚਾਣਕ ਆਪਦੇ ਮਿਲਨ ਦੀ ਆਸ਼ਾ ਤਾਂ ਨਹੀਂ ਸੀ।

ਦਰੋਗਾ—ਜੀ ਹਾਂ, ਮੈਨੂੰ ਭੀ ਇਸਦਾ ਕੁਛ ਪਤਾ ਨਹੀਂ ਸੀ ਪ੍ਰੰਤੂ ਇਕ ਜਰੂਰੀ ਕੰਮ ਲਈ ਮੈਨੂੰ ਆਪ ਦੀ ਸੇਵਾ ਵਿਚ ਹਾਜਰ ਹੋਣਾ ਪਿਆ, ਖਿਮਾ ਕਰਨਾ ! ਜਿਸ ਵੇਲੇ ਆਪ ਕਮੰਦ ਦੇ ਸਹਾਰੇ ਇਸ ਬਾਗ ਵਿਚ ਉਤਰੇ ਸੀ ਉਸ ਵੇਲੇ ਮੈਨੂੰ ਇਸ ਗਲ ਦੀ ਕੁਛ ਖਬਰ ਨਹੀਂ ਸੀ ਕਿ ਓਨਾਂ ਇਸਤ੍ਰੀਆਂ ਵਿਚ ਜਿਨਾਂ ਨੂੰ ਵੇਖਕੇ ਆਪ ਇਸ ਬਾਗ ਵਿਰ ਉਤਰੇ ਸੀ ਦੋ ਇਸਤ੍ਰੀਆਂ ਅਜੇਹੀਆਂ ਹੀ ਹਨ ਜਿਨਾਂ ਨੂੰ ਇਸ ਬਾਗ ਦੀ ਰਾਣੀ ਕਹਾਉਣ ਦਾ ਮਾਨ ਹੈ, ਬੁਢੇਪੇ ਦੇ ਕਾਰਨ ਅਖਾਂ ਦੀ ਜੋਤ ਠੀਕ ਨਹੀਂ ਰਹੀ ਇਸੇ ਲਈ ਮੈਂ ਉਨਾਂ ਨੂੰ ਪਛਾਣ ਨਹੀਂ ਸਕਿਆ।

ਇੰਦ੍ਰਜੀਤ—ਸੁਖ ! ਇਹ ਗਲ ਹੀ ਕੀ ਹੈ ਜਿਸਦੇ ਵਾਸਤੇ ਆਪ ਖਿਮਾ ਮੰਗ ਰਹੇ ਹੋ ਇਸ ਵਿਚ ਸਾਡਾ ਕੀ ਹਰਜ ਹੋਇਆਹੈ ਆਪ ਓਹ ਗਲ ਕਰੋ ਜਿਸਲਈ ਆਪਨੇ ਏਥੇ ਆਵਣ ਦੀ ਖੇਚਲ ਕੀਤੀ ਹੈ।

ਦਰੋਗਾ—ਇਸ ਵੇਲੇ ਓਹ ਦੋਵੇਂ ਅਰਥਾਤ ਇੰਦ੍ਰਾਣੀ ਤੇ ਆਨੰਦੀ ਮੇਰੇ ਏਥੇ ਆਵਨ ਦਾ ਕਾਰਨ ਹਨ, ਮੈਂ ਆਪਨੂੰ ਇਸ ਗੱਲ ਦੀ ਖਬਰ ਦੇਣ ਆਇਆ ਹਾਂ ਕਿ ਪਰਸੋਂ ਓਹਨਾਂ ਦੋਹਾਂ ਇਸਤ੍ਰੀਆਂ ਦਾ ਵਿਆਹ ਆਪਦੋਹਾਂ ਭਰਾਵਾਂ ਨਾਲ ਹੋਵੇਗਾ, ਆਸ਼ਾ

CC-0. Kashmir Research Institute. Digitized by eGangotri

ਹੈ ਕਿ ਆਪ ਇਸ ਗੱਲ ਨੂੰ ਸਵੀਕਾਰ ਕਰੋਗੇ।

ਇੰਦ੍ਰਜੀਤ—ਮੈਂ ਬੜੇ ਸ਼ੋਕ ਨਾਲ ਇਹ ਉੱਤਰ ਦੇਣ ਲਈ ਲਾਚਾਰ ਹਾਂ ਕਿ ਅਸੀ ਇਸ ਵਿਆਹ ਨੂੰ ਪ੍ਰਵਾਨ ਨਹੀਂ ਕਰ ਸਕਦੇ ਤੇ ਇਸਦੇ ਕਈ ਕਾਰਨ ਹਨ।

ਦਰੋਗਾ—ਠੀਕ ਹੈ, ਮੈਨੂੰ ਭੀ ਪਹਿਲਾਂ ਏਹੋ ਉੱਤਰ ਮਿਲਨ ਦੀ ਆਸ਼ਾ ਸੀ ਪਰ ਮੈਂ ਆਪਨੂੰ ਆਪਣੇ ਵੱਲੋਂ ਧਯਾਨ ਨਾਲ ਇਹ ਸਲਾਹ ਦੇਵਾਂਗਾ ਕਿ ਆਪ ਇਸ ਵਿਆਹ ਤੋਂ ਨਾਂਹ ਨਾ ਕਰੋ ਤੇ ਮੈਨੂੰ ਓਹਨਾਂ ਗੱਲਾਂ ਦੇ ਕਹਿਣ ਦਾ ਸਮਾਂ ਨਾ ਦੇਵੋ ਜੋ ਲਾਚਾਰੀ ਦੀ ਦਸ਼ਾ ਵਿਚ ਕਹਿਣੀਆਂ ਪੈਣਗੀਆਂ ਕਿ ਆਪ ਇਸ ਵਿਆਹ ਤੋਂ ਨਾਂਹ ਨਹੀਂ ਕਰ ਸੱਕਦੇ। ਬਾਕੀ ਰਹੀ ਇਹ ਗੱਲ ਕਿ ਇਸਦੇ ਕਈ ਕਾਰਨ ਹਨ, ਸੋ ਭਾਵੇਂ ਮੈਂ ਓਹਨਾਂ ਕਾਰਨਾਂ ਨੂੰ ਜਾਣਨ ਦੀ ਸ਼ੇਖੀ ਨਹੀਂ ਮਾਰਦਾ ਪਰ ਇਤਨਾ ਜਰੂਰ ਕਹਿ ਸੱਕਦਾ ਹਾਂ ਕਿ ਸਭ ਤੋਂ ਵੱਡਾ ਕਾਰਨ ਜੋ ਹੈ ਸੋ ਮੈਨੂੰ ਹੀ ਨਹੀਂ ਸਗੋਂ ਸਭਨਾਂ ਨੂੰ ਏਥੋਂ ਤਕ ਕਿ ਇੰਦ੍ਰਾਣੀ ਤੇ ਅਨੰਦੀ ਨੂੰ ਭੀ ਮਲੂਮ ਹੈ ਪ੍ਰੰਤੂ ਮੈਂ ਆਪਨੂੰ ਭਰੋਸਾ ਦੇਂਦਾ ਹਾਂ ਕਿ ਕਿਸ਼ੋਰੀ ਤੇ ਕਾਮਨੀ ਨੂੰ ਭੀ ਇਸ ਵਿਆਹ ਕਰਕੇ ਕਿਸੇ ਪ੍ਰਕਾਰ ਦਾ ਦੁਖ ਨਹੀਂ ਹੋਵੇਗਾ ਕਿਉਂਕਿ ਇਸ ਗੱਲ ਦੀ ਓਹਨਾਂ ਨੂੰ ਪੂਰੀ ੨ ਖਬਰ ਹੈ ਕਿ ਏਹੋ ਵਿਆਹ ਹੀ ਆਪਦੇ ਤੇ ਓਹਨਾਂ ਦੇ ਮੰਲ ਦਾ ਕਾਰਨ ਹੋਵੇਗਾ, ਵਿਆਹ ਕਰਨ ਦੇ ਬਿਨਾਂ ਆਪ ਓਹਨਾਂ ਨੂੰ ਤੇ ਓਹ ਆਪਨੂੰ ਕਦੇ ਦੇਖ ਭੀ ਨਹੀਂ ਸਕਦੀਆਂ।

ਇੰਦ੍ਰਜੀਤ—ਮੈਂ ਆਪਦੀਆਂ ਗੱਲਾਂ ਤੇ ਵਿਸ਼ਵਾਸ ਕਰਨ ਦਾ ਯਤਨ ਕਰਾਂਗਾ ਪਰੰਤੂ ਪਹਿਲੇ ਮੈਂ ਏਹਨਾਂ ਗੱਲਾਂ ਨੂੰ ਇਕ ਪਾਸੇ

CC-0. Kashmir Research Institute. Digitized by eGangotri

ਦੇਖਨ ਆਪ ਤੋਂ ਪੁਛਦਾ ਹਾਂ ਕਿ ਇਹ ਕੇਹੜੀ ਰੀਤ ਅਨੁਸਾਰ ਹੁੰਦਾ ਹੈ ? ਸ਼ਾਸਤ੍ਰ ਨੇ ਵਿਆਹ ਅੱਠ ਪ੍ਰਕਾਰ ਦਾ ਕਿਹਾ ਹੈ ਓਨਾਂ ਵਿਚੋਂ ਇਹ ਕੇਹੜੀ ਪ੍ਰਕਾਰ ਦਾ ਹੈ ਤੇ ਇਸ ਵਿਆਹ ਦਾ ਕੀ ਫਲ ਨਿਕਲੇਗਾ ? ਭਾਵੇਂ ਇਸ ਵਿਚ ਮੇਰੀ ਕੁਛ ਹਾਨੀ ਨਹੀਂ ਹੋ ਸੱਕਦੀ ਪਰੰਤੂ ਇੱਛਾ ਦੇ ਵਿਰੁਧ ਕੰਮ ਕਰਨ ਤੇ ਜੋ ਹਾਨੀ ਹੋ ਸੱਕਦੀ ਹੈ ਉਸਦਾ ਵਿਚਾਰ ਧੀ ਵਾਲਿਆਂ ਦੇ ਸਿਰ ਤੇ ਹੈ।

ਦਰੋਗਾ—ਠੀਕ ਹੈ ਪਰੰਤੂ ਜਿਥੋਂ ਤਕ ਮੈਂ ਸੋਚਦਾ ਹਾਂ ਇਨਾਂ ਸਭਨਾਂ ਗੱਲਾਂ ਦਾ ਚੰਗੀਤਰਾਂ ਵਿਚਾਰ ਕੀਤਾ ਗਿਆ ਹੈ ਤੇ ਜੋਤਸ਼ੀ ਨੇ ਭੀ ਏਹੋ ਨਿਸਚਾ ਕਰਾ ਦਿਤਾ ਹੈ ਕਿ "ਇਸ ਵਿਵਾਹ ਦਾ ਫਲ ਦੋਹਾਂ ਨੂੰ ਚੰਗਾ ਮਿਲੇਗਾ" ਭਾਵੇਂ ਆਪ ਇਸ ਵੇਲੇ ਪ੍ਰਸੰਨ ਨਹੀਂ ਹੁੰਦੇ ਅੰਤ ਵਿਚ ਬਹੁਤ ਹੀ ਪ੍ਰਸੰਨ ਹੋਵੋਗੇ। ਹੱਛਾ ਇਸਵੇਲੇ ਤਾਂ ਮੈਂ ਜਾਂਦਾ ਹਾਂ ਕਿਉਂਕਿ ਕੇਵਲ ਏਤਨੀ ਹੀ ਗੱਲ ਕਹਿਣ ਲਈ ਆਯਾ ਸੀ ਵਾਦ ਵਿਵਾਦ ਕਰਨ ਲਈ ਨਹੀਂ। ਪਰੰਤੂ ਇਸਦਾ ਉੱਤਰ ਲੈਣ ਲਈ ਸਵੇਰੇ ਜ਼ਰੂਰ ਆਵਾਂਗਾ।

ਇਹ ਕਹਿਕੇ ਦਰੋਗਾ ਉਠ ਖਲੋਤਾ ਤੇ ਜਿੱਧਰੋਂ ਆਯਾ ਸੀ ਉਧਰ ਹੀ ਚਲਾ ਗਿਆ। ਉਸਦੇ ਜਾਣਦੇ ਪਿਛੋਂ ਦੇਵੇਂ ਭਰਾ ਬੈਠੇ ਗੱਲਾਂ ਕਰਦੇ ਰਹੇ ਫੇਰ ਉਠਕੇ ਨਿਤ ਕ੍ਰਿਯਾ ਕਰਕੇ ਬਾਵਲੀ ਵਿਚੋਂ ਮੂੰਹ ਹੱਥ ਧੋਕੇ ਉਸ ਕਮਰੇ ਵਿਚ ਚਲੇ ਗਏ ਜਿੱਥੇ ਦੋਪੈਹਰ ਕੱਟ ਚੁੱਕੇ ਸਨ, ਉਸਵੇਲੇ ਹਨੇਰਾ ਹੋ ਚੁੱਕਾ ਸੀ ਕੁਮਾਰਾਂ ਨੂੰ ਇਹ ਵੇਖਕੇ ਹੈਰਾਨੀ ਹੋਈ ਕਿ ਕਮਰੇ ਵਿਚ ਝਾੜ ਫਾਨੂਸ ਜਗ ਰਹੇ ਹਨ ਪਰ ਕਿਸੇ ਆਦਮੀ ਦੀ ਸੂਰਤ ਨਜ਼ਰ ਨਹੀਂ ਆਉਂਦੀ ਸੀ।

ਕੁਮਾਰਾਂ ਨੂੰ ਗਿਆਂ ਅਜੇ ਬਹੁਤ ਚਿਰ ਨਹੀਂ ਹੋਇਆ ਸੀ

CC-0. Kashmir Research Institute. Digitized by eGangotri

ਕਿ ਇੰਦ੍ਰਾਣੀ ਤੇ ਆਨੰਦੀ ਭੀ ਓਥੇ ਆ ਪਹੁੰਚੀਆਂ ਜਿਨਾਂ ਨੂੰ ਵੇਖਕੇ ਦੋਵੇਂ ਕੁਮਾਰ ਬਹੁਤ ਖੁਸ਼ ਹੋਏ, ਇੰਦ੍ਰਜੀਤ ਸਿੰਘ ਨੇ ਇੰਦ੍ਰਾਣੀ ਨੂੰ ਕਿਹਾ ਕਿ "ਤੁਸਾਂ ਤਾਂ ਕਹਾ ਭੇਜਿਆ ਸੀ ਕਿ ਮੈਂ ਹੁਣ ਨਹੀਂ ਆ ਸੱਕਦੀ"।

ਇੰਦ੍ਰਾਣੀ—ਹਾਂ ਜੀ ਹੈ ਤਾਂ ਏਹੋ ਗੱਲ, ਪਰ ਹੁਣ ਮੈਂ ਲੁਕਕੇ ਕੁਛ ਕਹਿਣ ਲਈ ਆਈ ਹਾਂ।

ਇੰਦ੍ਰਜੀਤ—ਅਜੇਹੀ ਕੇਹੜੀ ਗੱਲ ਹੈ ਜਿਸਨੇ ਤੁਹਾਨੂੰ ਲੁਕਕੇ ਆਉਣ ਲਈ ਲਾਚਾਰ ਕੀਤਾ ? ਤੇ ਓਹ ਕੇਹੜਾ ਅਪ੍ਰਾਧ ਹੋ ਗਿਆ ਹੈ ਜਿਸਨੇ ਮੈਨੂੰ ਤੁਹਾਡਾ ਪ੍ਰਾਹੁਣਾ.....

ਇੰਦ੍ਰਾਣੀ—(ਗਲ ਲੁਕਕੇ ਤੇ ਮੁਸਕ੍ਰਾਕੇ) ਮੈਂ ਆਪ ਦੀਆਂ ਸਭਨਾਂ ਗੱਲਾਂ ਦਾ ਉੱਤਰ ਦੇਵਾਂਗੀ ਕ੍ਰਿਪਾ ਕਰਕੇ ਮੇਰੇ ਨਾਲ ਦੂਸਰੇ ਕਮਰੇ ਵਿਚ ਚੱਲੋ।

ਇੰਦ੍ਰਜੀਤ—ਮੇਰੀ ਚਿੱਠੀ ਦਾ ਉੱਤਰ ਭੀ ਲਿਆਂਦਾ ਜੇ ?

ਇੰਦ੍ਰਾਣੀ—ਜੀ ਹਾਂ, ਚਿੱਠੀ ਦਾ ਉੱਤਰ ਭੀ ਮੈਂ ਆਪਨੂੰ ਉਸਵੇਲੇ ਦੇਵਾਂਗੀ। (ਆਨੰਦ ਸਿੰਘ ਨੂੰ ਭੀ ਨਾਲ ਹੀ ਉਠਦੇ ਵੇਖਕੇ) ਆਪ ਏਸੇ ਥਾਂ ਠਹਿਰੋ (ਆਨੰਦੀ ਨੂੰ) ਤੂੰ ਭੀ ਏਥੇ ਠਹਿਰ ਮੈਂ ਹੁਣੇ ਆਉਂਦੀ ਹਾਂ।

ਇੰਦ੍ਰਜੀਤ ਸਿੰਘ ਭਾਵੇਂ ਆਨੰਦੀ ਨਾਲ ਵਿਆਹ ਕਰਨ ਤੋਂ ਨਾਂਹ ਕਰਦਾ ਸੀ ਪਰੰਤੂ ਇੰਦ੍ਰਾਣੀ (ਤੇ ਆਨੰਦੀ) ਦੀ ਸੁੰਦਰਤਾ, ਬੁਧਵਾਨੀ ਤੇ ਸੱਭਜਤਾ ਤੇ ਓਹਨਾਂ ਦੀਆਂ ਮਿੱਠੀਆਂ ੨ ਗੱਲਾਂ ਅਜੇਹੀਆਂ ਨਹੀਂ ਸਨ ਜੋ ਕੁਮਾਰ ਦੇ ਮਨ ਤੇ ਡੂੰਘਾ ਅਸਰ ਨਾ ਕਰਦੀਆਂ ਤੇ ਉਸਨੂੰ ਆਪਣੇ ਵੱਲ ਨਾ ਖਿੱਚਦੀਆਂ। ਇੰਦ੍ਰਜੀਤ

CC-0. Kashmir Research Institute. Digitized by eGangotri

ਸਿੰਘ ਕੁਛ ਨਾਂਹ ਨਾ ਕਰ ਸਕਿਆ ਤੇ ਖੁਸ਼ੀ ੨ ਉਸਦੇ ਨਾਲ ਦੂਸਰੇ ਕਮਰੇ ਵਿਚ ਚਲਾ ਗਿਆ।

ਅਸੀ ਨਹੀਂ ਕਹਿ ਸਕਦੇ ਕਿ ਇੰਦ੍ਰਜੀਤ ਸਿੰਘ ਤੇ ਇੰਦ੍ਰਾਣੀ ਦੀਆਂ ਦੋ ਘੰਟੇ ਕੀ ਗੱਲਾਂ ਹੁੰਦੀਆਂ ਰਹੀਆਂ ਤੇ ਏਧਰ ਆਨੰਦ ਸਿੰਘ ਅਤੇ ਆਨੰਦੀ ਨੇ ਕੀ ਕੁਛ ਕਹਿਆ ਸੁਣਿਆ ਪ੍ਰੰਤੂ ਇਤਨਾ ਜਰੂਰ ਕਹਾਂਗੇ ਕਿ ਜਦ ਇੰਦ੍ਰਜੀਤ ਸਿੰਘ ਤੇ ਇੰਦ੍ਰਾਣੀ ਮੁੜਕੇ ਉਸ ਕਮਰੇ ਵਿਚ ਆਏ ਤਾਂ ਬਹੁਤ ਪ੍ਰਸੰਨ ਸਨ, ਏਸੇ ਤਰਾਂ ਆਨੰਦ ਸਿੰਘ ਤੇ ਆਨੰਦੀ ਦੇ ਚੇਹਰੇ ਤੇ ਭੀ ਖੁਸ਼ੀ ਦੀ ਝਲਕ ਸੀ। ਇੰਦ੍ਰਾਣੀ ਤੇ ਆਨੰਦੀ ਦੇ ਚਲੇ ਜਾਣਦੇ ਪਿਛੋਂ ਕੁਛ ਇਸਤ੍ਰੀਆਂ ਭੋਜਨ ਲੈਕੇ ਆਈਆਂ, ਦੋਵੇਂ ਭਰਾ ਖੁਸ਼ੀ ੨ ਭੋਜਨ ਛਕਕੇ ਸੌਂ ਰਹੇ, ਸਵੇਰੇ ਜਦ ਦਰੋਗਾ ਆਪਣੀਆਂ ਗੱਲਾਂ ਦਾ ਉੱਤਰ ਲੈਣ ਆਇਆ ਤਾਂ ਦੋਵੇਂ ਭਰਾ ਬੜੀ ਖੁਸ਼ੀ ਨਾਲ ਮਿਲੇ ਤੇ ਕਿਹਾ ਅਸੀਂ ਦੋਵੇਂ ਭਰਾ ਇੰਦ੍ਰਾਣੀ ਤੇ ਆਨੰਦੀ ਨਾਲ ਵਿਆਹ ਕਰਾਨਨੂੰ ਤਿਆਰ ਹਾਂ।

———o———

ਬਾਹਰਵਾਂ ਕਾਂਡ

ਕੋਰ ਇੰਦ੍ਰਜੀਤ ਸਿੰਘ ਤੇ ਅਨੰਦ ਸਿੰਘ ਦੇ ਇੰਦ੍ਰਾਣੀ ਤੇ ਆਨੰਦੀ ਨਾਲ ਵਿਆਹ ਕਰਾ ਲੈਣ ਦੀ ਪ੍ਰਵਾਨਤਾ ਦੇ ਦੇਣ ਤੇ ਬਾਗ ਵਿਚ ਵਿਆਹ ਦੀ ਤਿਆਰੀ ਦਿਸਨ ਲਗ ਪਈ। ਇਸ ਵਿਆਹ ਵਿਚ ਧੂਮ ਧਾਮ ਲਿਖਣ ਦਾ ਸਾਡੇ ਪਾਸ ਕੋਈ ਮਸਾਲਾ

CC-0. Kashmir Research Institute. Digitized by eGangotri

ਨਹੀਂ ਇਸ ਵਿਵਾਹ ਵਿਚ ਨ ਠਾਂ ਜੰਞ ਹੈ ਤੇ ਨ ਜਾਂਞੀ ਨ ਵਾਜਾ ਨ ਗਾਉਣਾ, ਨ ਆਤਸ਼ਬਾਜ਼ੀ ਨ ਕੋਈ ਖਾਣਾ ਦਾਣਾ, ਕੁਛ ਲਿਖੀਏ ਤਾਂ ਕੀ ? ਹਾਂ ਇਹ ਗਲ ਜ਼ਰੂਰੀ ਹੈ ਕਿ ਵਿਆਹ ਕਰਾਉਣ ਵਾਲੇ ਪੰਡਤ ਵਿਦਜਾ ਹੀਨ ਤੇ ਲਾਲਚੀ ਨਹੀਂ ਸਨ ਤਥਾ ਸ਼ਾਸਤਰ ਅਨੁਸਾਰ ਵਿਆਹ ਕਰਾਉਣ ਵਿਚ ਕੁਛ ਬਾਕੀ ਨਹੀਂ ਸੀ। ਬਾਵਲੀ ਦੇ ਪਾਸ ਸੰਗ ਮਰ ਮਰ ਦੇ ਬੜੇ ਤੇ ਵੇਦੀਆਂ ਬਣਾਈਆਂ ਸਨ ਤੇ ਓਸੇ ਤੇ ਦੋਵੇਂ ਵਿਆਹ ਕਠੇ ਹੋਣ ਵਾਲੇ ਸਨ। ਸੋ ਇਹ ਗਲਾਂ ਕੋਈ ਅਜੇਹੀਆਂ ਨਹੀਂ ਜਿਨਾਂ ਨੂੰ ਵਡਾ ਕਰਕੇ ਲਿਖਿਆ ਜਾਵੇ। ਹਾਂ ਇਸ ਵਿਆਹ ਸੰਬੰਧੀ ਕੁਛ ਗਲਾਂ ਜਰੂਰ ਅਜੇਹੀਆਂ ਹੋਈਆਂ ਜੋ ਹੈਰਾਨੀ ਵਾਲੀਆਂ ਤੇ ਸ਼ੋਕ ਦਾਇਕ ਸਨ ਸੋ ਓਨਾਂ ਦਾ ਹਾਲ ਲਿਖਣਾ ਜਰੂਰੀ ਹੈ।

ਇੰਦ੍ਰਾਣੀ ਦੇ ਕਹੇ ਅਨੁਸਾਰ ਇੰਦ੍ਰਜੀਤ ਸਿੰਘ ਨੂੰ ਆਸ਼ਾ ਸੀ ਕਿ ਰਾਜਾ ਗੋਪਾਲ ਸਿੰਘ ਭੀ ਮਿਲੇਗਾ ਪ੍ਰੰਤੂ ਅਜੇਹਾ ਨਹੀ ਹੋਇਆ ਵਿਆਹ ਦੇ ਵੇਲੇ ਪੰਜ ਸਤ ਇਸਤ੍ਰੀਆਂ (ਜਿਨਾਂ ਨੂੰ ਕੁਮਾਰ ਅਗੇ ਦੇਖ ਚੁਕੇ ਸਨ ਪਰ ਪਛਾਣਦੇ ਨਹੀਂ ਸਨ) ਦੇ ਬਿਨਾਂ ਚਾਰ ਆਦਮੀ ਕੁਲ ਓਥੇ ਸਨ, ਇਕ ਓਹੋ ਬੁਢਾ ਦਰੋਗਾ, ਦੂਸਰਾ ਵਿਆਹ ਕਰਾਉਣ ਵਾਲਾ ਪੰਡਤ, ਤੀਸਰਾ ਇਕ ਹੋਰ ਆਦਮੀ ਜੋ ਪੂਜਾ ਦੀ ਸਾਮਗ੍ਰੀ ਅਗੇ ਰਖਦਾ ਸੀ ਤੇ ਚੋਥਾ ਓਹ ਆਦਮੀ ਸੀ ਜਿਸਨੇ ਕੰਨਜਾ ਦਾਨ ਕਰਨਾ ਸੀ ਪਤਾ ਨਹੀਂ ਜੋ ਓਹ ਇੰਦ੍ਰਾਣੀ ਤੇ ਆਨੰਦੀ ਦਾ ਪਿਓ ਸੀ ਕਿ ਭਾਰਾ ਜਾਂ ਗੁਰੂ ਜਾਂ ਕੋਈ ਹੋਰ ਉਸਦੀ ਉਮਰ ਪੰਜਾਹ ਵਰਹੇ ਤੋਂ ਵਧੀਕ ਨਹੀਂ ਸੀ ਪਰ ਉਮਰ ਸਠ ਤੋਂ ਉਪਰ ਜਾਪਦੀ ਸੀ ਤੇ ਉਸਦਾ ਚੇਹਰਾ ਬੜਾ ਪੀਲਾ ਹੋਯਾ ਹੋਯਾ ਸੀ ਤੇ

CC-0. Kashmir Research Institute. Digitized by eGangotri

ਉਸਦੀਆਂ ਵਡੀਆਂ ਵਡੀਆਂ ਅਖਾਂ ਟੋਏ ਲਥੀਆਂ ਹੋਈਆਂ ਸਨ, ਸਰੀਰ ਵਿਚ ਨਿਰੀਆਂ ਹਡੀਆਂ ਹੀਹਡੀਆਂਸਨਮਲੂਮਹੁੰਦਾ ਸੀ ਕਿ ਇਸਦੇ ਜੀਵਨ ਦਾ ਬਹੁਤਾ ਹਿਸਾ ਦੁਖ ਵਿਚ ਬੀਤਿਆ ਹੈ, ਇਸ ਵਿਚ ਕੋਈ ਸੰਦੇਹ ਨਹੀ ਕਿ ਕਿਸੇ ਸਮੇ ਇਹ ਬੜਾ ਸੁੰਦਰ, ਦਲੇਰ ਤੇ ਬਹਾਦਰ ਹੋਵੇਗਾ ਪਰ ਹੁਣ ਤਾਂ ਓਸਨੂੰ ਦੇਖਣ ਤੋਂ ਦੁਖ ਹੀ ਦੁਖ ਹੁੰਦਾ ਸੀ ਦੋਵੇਂ ਕੁਮਾਰ ਹੈਰਾਨੀ ਨਾਲ ਓਸਨੂੰ ਵੇਖਦੇ ਰਹੇ। ਉਸਦਾ ਹਾਲ ਜਾਣਨ ਲਈ ਉਨਾਂ ਦਾ ਮਨ ਵਿਆਕੁਲ ਹੋਰਿਹਾ ਸੀ।

ਕੰਨਜ ਦਾਨ ਹੋ ਜਾਣਦੇ ਪਿਛੋਂ ਦੋਹਾਂ ਕੁਮਾਰਾਂ ਨੇ ਆਪਣੀ ਮੁੰਦਰੀ ਲਾਹਕੇ ਆਪਣੀ ੨ ਵਹੁਟੀ ਨੂੰ (ਨਿਸ਼ਾਨੀਵੰਗ) ਦਿਤੀ ਫੇਰ ਸਭਨਾਂ ਦੇ ਕਹੇ ਅਨੁਸਾਰ ਦੋਵੇਂ ਭਰਾ ਉਠਕੇ ਓਸੇ ਕਮਰੇ ਵਿਚ ਚਲੇ ਗਏ ਜੋ ਇਨਾਂ ਦੇ ਬੈਠਣ ਲਈ ਨੀਯਤ ਹੋ ਚੁਕਾ ਸੀ, ਇਸ ਵੇਲੇ ਰਾਤ ਕੋਈ ਘੰਟਾ ਕੁ ਭਰ ਬਾਕੀ ਸੀ।

ਦੋਹਾਂ ਕੁਮਾਰਾਂ ਨੂੰ ਉਸ ਕਮਰੇ ਵਿਚ ਬੈਠਿਆਂ ਪਹਿਰ ਤੋਂ ਵਧੀਕ ਹੋ ਗਿਆ ਪਰ ਕਿਸ ਨੇ ਆਕੇ ਏਨਾਂ ਦੀ ਸੁਧ ਨ ਲਈ ਕਿ ਇਹ ਦੋਵੇਂ ਕੀ ਕਰ ਰਹੇ ਹਨ ਜਾਂ ਓਨਾਂ ਨੂੰ ਕਿਸੇ ਚੀਜ ਦੀ ਲੋੜ ਹੈ ਕਿ ਨਹੀਂ। ਛੇਕੜ ਸੋਚਦੇ ੨ ਦੋਵੇਂ ਬਾਹਰ ਨਿਕਲੇ ਤਾਂ ਦੋਂਹੀ ਪਾਸੀ ਮੁੰਦ ਮੈਦਾਨ ਵੇਖਕੇ ਓਨ੍ਹਾ ਨੂੰ ਬੜੀ ਹੀ ਹੈਰਾਨੀ ਹੋਈ, ਨ ਤਾਂ ਓਸ ਬਾਗ ਵਿਚ ਕੋਈ ਆਦਮੀ ਸੀ ਤੇ ਨ ਵਿਆਹ ਦਾ ਕੋਈ ਸਾਮਾਨ ਨਜਰ ਆਉਂਦਾ ਸੀ ਏਥੋਂ ਤਕ ਕਿ ਓਹ ਸੰਗ ਮਰ ਮਰ ਦਾ ਥੜਾ ਭੀ (ਜਿਸਤੇ ਵਿਆਹ ਹੋਯਾ ਸੀ) ਸਾਫ ਕੀਤਾ ਹੋਯਾ ਸੀ ਅਰ ਇਹ ਨਹੀਂ ਮਲੂਮ ਹੁੰਦਾ ਸੀ ਕਿ ਅਜ ਰਾਤ ਨੂੰ ਇਸਦੇ ਉਪਰ ਕੁਛ ਹੋਯਾ ਹੈ।

CC-0. Kashmir Research Institute. Digitized by eGangotri

ਇਹ ਗਲ ਬੜੀ ਹੈਰਾਨੀ ਦੀ ਸੀ ਸਗੋਂ ਏਸ ਤੋਂ ਵਧਕੇ ਇਹ ਗਲ ਅਚੰਭੇ ਵਾਲੀ ਸੀ ਕਿ ਸਾਰਾ ਦਿਨ ਬੀਤ ਜਾਣਤੇ ਭੀ ਕਿਸੇ ਨੇ ਇਨਾਂ ਦੀ ਸੁਧ ਨ ਲਈ, ਨਿਤਨੇਮ ਤੋਂ ਵੇਹਲੇ ਹੋਕੇ ਦੋ ਚਾਰ ਫਲ ਤੋੜਕੇ ਖਾਧੇ ਤੇ ਪਾਣੀ ਪੀਕੇ ਸੰਤੋਖ ਕੀਤਾ। ਸਾਰੀ ਦਿਹਾੜੀ ਇਨਾਂ ਨੇ ਸੋਚ ਵਿਚਾਰ ਵਿਚ ਹੀ ਬਿਤਾਈ ਪਰ ਸੰਧਯਾ ਵੇਲੇ ਜੋ ਕੁਛ ਇਨਾਂ ਨੇ ਵੇਖਿਆ ਉਸਦੇ ਸਹਾਰਨ ਦੀ ਹਿੰਮਤ ਏਨਾਂ ਵਿਚ ਨਹੀਂ ਸੀ।

ਸੰ ਜਾ ਪੈਣ ਹੀ ਵਾਲੀ ਸੀ ਜਦ ਇਨਾਂ ਨੇ ਉਸ ਬੁਢੇ ਦਰੋਗੇ ਨੂੰ ਛੇਤੀ ੨ ਆਪਣੇ ਵਲ ਆਉਂਦੇ ਵੇਖਿਆ, ਉਸਦੇ ਚੇਹਰੇ ਤੇ ਹਵਾਈ ਉਡ ਰਹੀ ਸੀ ਤੇ ਘਬਰਾਯਾ ਹੋਯਾ ਸੀ. ਓਸਨੇ ਆਉਂਦਿਆਂ ਹੀ ਕਿਹਾ ਬੜਾ ਹਨੇਰ ਹੋਯਾ ਹੈ ਅਜਦਾ ਦਿਨ ਸਾਡੇ ਵਾਸਤੇ ਪਰਲੋ ਦਾ ਦਿਨ ਸੀ ਏਸੇ ਵਾਸਤੇ ਆਪਦੇ ਪਾਸ ਕੋਈ ਨਹੀਂ ਆ ਸਕਿਆ।

ਇੰਦ੍ਰਜੀਤ—(ਘਬਰਾਕੇ)ਕਿਓਂ ਕੀ ਗਲ ਹੈ ?

ਦਰੋਗਾ—ਬੜੀ ਹੈਰਾਨੀ ਹੈ ਕਿ ਏਸ ਬਾਗ ਵਿਚ ਦੋ ਖੂਨ ਹੋ ਗਏ ਤੇ ਆਪਨੂੰ ਪਤਾ ਭੀ ਨਹੀਂ।

ਇੰਦ੍ਰਜੀਤ—ਕਿਥੇ ਤੇ ਕੌਣ ਮਾਰਿਆ ਗਿਆ ਹੈ?

ਦਰੋਗਾ—(ਹਥ ਦੀ ਸੈਨਤ ਕਰਕੇ) ਤੂਤ ਬਿਛ ਦੇ ਹੇਠਾਂ ਚਲਕੇ ਦੇਖੋ ਇਕ ਦੁਸ਼ਟ ਨੇ ਇੰਦ੍ਰਾਣੀ ਤੇ ਅਨੰਦੀ ਨੂੰ ਮਾਰਸੁਟਿਆ ਹੈ ਤੇ ਅਸਾਂ ਬੜੀ ਹਿੰਮਤ ਨਾਲ ਘਾਤੀ ਨੂੰ ਫੜ ਲਿਆ ਹੈ।

ਇਹ ਇਕ ਅਜੇਹੀ ਗੱਲ ਸੀ ਜਿਸਨੂੰ ਸੁਣਦਿਆਂ ਹੀ ਦੋਹਾਂ ਦੀ ਹੋਸ਼ ਉਡ ਗਈ ਦੋਵੇਂ ਭਰਾ ਘਬਰਾਕੇ ਉਠ ਖੜੇ ਹਏ

CC-0. Kashmir Research Institute. Digitized by eGangotri

ਤੇ ਇਕ ਬ੍ਰਿੱਛ ਦੇ ਹੇਠਾਂ ਇੰਦ੍ਰਾਣੀ ਤੇ ਆਨੰਦੀ ਦੀ ਲੋਥ ਵੇਖੀ, ਉਹਨਾਂ ਦੇ ਸਰੀਰ ਤੇ ਓਹੋ ਗਹਿਣੇ ਕਪੜੇ ਸਨ ਜੋ ਇਹਨਾਂ ਨੇ ਵਿਆਹ ਵੇਲੇ ਵੇਖੇ ਸਨ, ਪਾਸ ਹੀ ਇਕ ਬ੍ਰਿਛ ਨਾਲ ਨਾਨਕ ਬੱਧਾ ਹੋਇਆ ਸੀ ਓਹਨਾਂ ਲੋਥਾਂ ਨੂੰ ਦੇਖਕੇ ਕੌਰ ਇੰਦ੍ਰਜੀਤ ਸਿੰਘ ਨੇ ਨਾਨਕ ਨੂੰ ਪੁਛਿਆ:--ਏਹਨਾਂ ਦੋਹਾਂ ਨੂੰ ਤੂੰ ਮਾਰਿਆ ਹੈ ?

ਇਸਦੇ ਉੱਤਰ ਵਿਚ ਨਾਨਕ ਨੇ ਕਿਹਾ:--ਹਾਂ ਇਨਾਂ ਦੋਹਾਂ ਨੂੰ ਮੈਂ ਹੀ ਮਾਰਿਆ ਹੈ ਇਨਾਮ ਲੈਣ ਦਾ ਕੰਮ ਕੀਤਾ ਹੈ ਇਹ ਦੋਵੇਂ ਬੜੀਆਂ ਸ਼ੈਤਾਨ ਸਨ !!!

[ਅੱਗੇ ਲਈ ਦੇਖੋ ਚੰਦ੍ਰਕਾਂਤਾ ਭਾਗ ਉਨੀਵਾਂ]

ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਾਉਣ ਦਾ ਪ੍ਰਸਿੱਧ ਪਤਾ:—

ਭਾਈ ਚਤਰ ਸਿੰਘ ਜੀਵਨ ਸਿੰਘ ਬਜ਼ਾਰ

ਮਾਈ ਸੇਵਾਂ ਅਮ੍ਰਿਤਸਰ

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅਮ੍ਰਿਤਸਰ ਵਿਚ ਭਾਈ ਸੁੱਚਾ ਸਿੰਘ ਮੈਨੇਜਰ ਦੇ ਪ੍ਰਬੰਧ ਨਾਲ ਛਪਿਆ ॥

CC-0. Kashmir Research Institute. Digitized by eGangotri

CC-0. Kashmir Research Institute. Digitized by eGangotri

ਵੱਡਾ ਡਾਕਟਰੀ ਚਕਿਤਸਾ ਸਾਰ ਜਾਂ
ਘਰ ਦਾ ਡਾਕਟਰ

ਵੈਦਕ ਨਚੋੜ

ਆਪਨੂੰ ਕਈ ਵੇਰ ਹਕੀਮ ਯਾ ਡਾਕਟਰ ਪਾਸ ਜਾਨ ਦਾ ਮੌ
ਮਿਲਦਾ ਹੈ ਤਾਂ ਆਪ ਕੀ ਦੇਖਦੇ ਹੋ ਕਿ ਓਹ ਕੋਈ ਦਵਾਈ ਲਿਖਕੇ
ਦੇਂਦੇ ਹਨ, ਪਰ ਆਪਨੂੰ ਕੁਝ ਵੀ ਪਤਾ ਨਹੀਂ ਲਗਦਾ। ਇਸ ਤਕਲੀ
ਨੂੰ ਦੇਖ ਕੇ ਅਸਾਂ ਨੇ ਇਕ ਪੁਸਤਕ "ਘਰ ਦਾ ਡਾਕਟਰ" ਨ
ਛਾਪਿਆ ਹੈ ਜਿਸ ਵਿਚੋਂ ਆਪ ਆਪਣਾ ਖੁਦ ਹੀ ਇਲਾਜ ਕਰ ਸੱਕ
ਹੋ ਅਤੇ ਇਸਦੇ ਪੜ੍ਹਨ ਨਾਲ ਹਰ ਇਕ ਮਰਜ ਦੀ ਪਛਾਣ ਕਰ ਸੱਕ
ਹੋ ਸਭ ਤੋਂ ਵੱਡਾ ਵਾਧਾ ਇਹ ਹੈ ਕਿ ਜਿਸਤਰਾਂ ਰੋਗ ਦਾ ਨਾਮ ਲੱਛ
ਦੇਸੀ ਲਿਖਿਆ ਹੈ ਇਸੇਤਰਾਂ ਹੀ ਅੰਗ੍ਰੇਜ਼ੀ, ਦੋਵੇਂ ਹੀ ਮਤਾਂ ਵਿਚ ਲਿਖ
ਹੋਇਆ ਹੈ। ਆਪਨੂੰ ਇਹ ਪੁਸਤਕ ਘਰ ਵਿਚ ਰੱਖਣ ਨਾਲ ਇਕ ਵੈ
ਡਾਕਟਰ ਤੇ ਹਕੀਮ ਦਾ ਕੰਮ ਦੇ ਸੱਕਦਾ ਹੈ ਅਤੇ ਆਪ ਨੂੰ ਫੇਰ ਕਿਸੇ
ਹਕੀਮ ਡਾਕਟਰ ਦੀ ਜ਼ਰੂਰਤ ਨਹੀਂ ਰਹਿੰਦੀ। ਬੋਲੀ ਪੂਰੀ ਪੰਜਾਬੀ ਵਿ
ਲਿਖੀ ਗਈ ਹੈ, ਪੁਸਤਕ ਨਹੀਂ ਲੀਤਾ ਤਾਂ ਹੁਣੇ ਹੀ ਖਤ ਲਿਖਕੇ ਮੰਗ
ਲਵੋ ਨਹੀਂ ਤਾਂ ਮੁੱਕ ਜਾਣ ਦੇ ਪਿੱਛੋਂ ਇਹੋ ਹੀ ਪੁਸਤਕ ਲੱਖ ਰੁਪਏ
ਵੀ ਮਿਲਣਾ ਕਠਣ ਹੋ ਜਾਵੇਗਾ। ਭੇਟਾ ਕੇਵਲ ਸਭਦੇ ਭਲੇ ਵਾਸਤੇ
ਇਹ ਚੌਥੀ ਵੇਰ ਛਪਕੇ ਵਿਕ ਰਹੀ ਹੈ॥

ਪਤਾ—ਭਾ: ਚਤਰ ਸਿੰਘ ਜੀਵਨ ਸਿੰਘ ਪੁਸਤ

ਵਾਲੇ ਬਾਜਾਰ ਮਾਈ ਸੇਵਾਂ ਅੰਮ੍ਰਿਤਸਰ

CC-0. Kashmir Research Institute. Digitized by eGangotri

Digitized by Google

CC-0. Kashmir Research Institute. Digitized by eGangotri